ਰਿਜਨਲ ਕੌਂਸਲਰ, ਵਾਰਡ 9 ਅਤੇ 10
22 ਅਕਤੂਬਰ ਨੂੰ ਚੁਣੋ

# ਗੁਰਪ੍ਰੀਤ ਸਿੰਘ ਢਿੱਲੋਂ

ਪਰਖੀ ਹੋਈ ਲੀਡਰਸ਼ਿਪ

## ਗੁਰਪ੍ਰੀਤ ਸਿੰਘ ਢਿੱਲੋਂ ਦਾ ਬਰੈਂਪਟਨ ਲਈ 5-ਨੁਕਾਤੀ ਪ੍ਰੋਗਰਾਮ



### 1. ਟੈਕਸ ਵਿਚ ਘੱਟ ਤੋਂ ਘੱਟ ਵਾਧਾ

ਟੈਕਸ ਦੇ ਰੈਵਨਿਊ ਦਾ ਜ਼ਿਆਦਾ ਹਿੱਸਾ ਸਟਾਫ਼ ਦੀਆਂ ਤਨਖਾਹਾਂ ਵਿਚ ਜਾਣ ਕਰਕੇ, ਘੱਟ ਅਫ਼ਸਰਸ਼ਾਹੀ ਵਾਲੀ ਸਰਕਾਰ ਦੀ ਲੋੜ ਹੈ। ਇਸ ਵਿਚ ਫ਼ਜ਼ੂਲ ਖਰਚਿਆਂ ਨੂੰ ਘਟਾਉਣਾ, ਤਨਖ਼ਾਹਾਂ ਨੂੰ ਰੋਕਣਾ, ਅਤੇ ਜ਼ਿਆਦਾ ਬਿਜ਼ਨਿਸ ਅਤੇ ਇੰਡਸਟਰੀ ਰਾਹੀਂ ਸੰਤੁਲਿਤ ਟੈਕਸ ਆਧਾਰ ਤਿਆਰ ਕਰਨਾ।

### 2. ਟਰਾਂਜਿਟ

ਬਰੈਂਪਟਨ ਰਿਜ਼ਨਲੀ ਜੁੜਿਆ ਹੋਇਆ ਸ਼ਹਿਰ ਹੋਣਾ ਚਾਹੀਦਾ ਹੈ। ਹੇਰਨਟਾਰੀਓ-ਮੇਨ LRT, ਏਅਰਪੋਰਟ ਜ਼ੂਮ ਨੂੰ ਪੀਅਰਸਨ ਏਅਰਪੋਰਟ ਨਾਲ ਜੋੜਨਾ, ਗੋ-ਟਰੇਨ ਸਰਵਿਸ ਦਾ ਸਾਰਾ ਦਿਨ ਚੱਲਣਾ ਅਤੇ ਸੀਨੀਅਰਜ਼ ਤੇ ਵਿਦਿਆਰਥੀਆਂ ਲਈ ਕਿਰਾਏ ਵਿਚ ਕਟੌਤੀ, ਪਹਿਲੀ ਪਹਿਲ ਹੋਵੇਗੀ।

### 3. ਕਮਿਊਨਿਟੀ ਸੁਰੱਖਿਆ

ਕਿਉਂਕਿ ਸ਼ਹਿਰ ਦਾ ਨਿਰੰਤਰ ਵਾਧਾ ਹੋ ਰਿਹਾ ਹੈ, ਇਸਨੂੰ ਇਸ ਅਨੁਸਾਰ ਹੀ ਢੱਲਣਾ ਚਾਹੀਦਾ ਹੈ। ਇਸ ਲਈ ਨਵੀਆਂ ਪਾਲਸੀਆਂ, ਪੈਟਰੋਲਿੰਗ ਵਿਚ ਵਾਧਾ, ਰਿਸਪਾਂਸ ਟਾਈਮ ਵਿਚ ਤੇਜ਼ੀ ਅਤੇ ਰਿਜ਼ਨ ਵਿਚ ਅਵਾਜ਼ ਉਠਾਉਣ ਵਾਲੇ ਪ੍ਰਤੀਨਿੱਧ ਦੀ ਲੋੜ ਹੈ।

### 4. ਵਿਭਿੰਨਤਾ

ਅੱਗੇ ਵੱਧਣ ਲਈ, ਸਿਟੀ ਦੀਆਂ ਪ੍ਰੀਕਿਰਿਆਵਾਂ ਅਤੇ ਹਾਇਰਿੰਗ ਪ੍ਰੀਕਿਰਿਆ ਦਾ ਸਹੀ, ਸੰਮਿਲਤ ਅਤੇ ਬਰਾਬਰੀ ਵਾਲੀ ਹੋਣਾ ਜਿਸ ਵਿਚ ਕਿਸੇ ਦੀ ਉਮਰ, ਮੂਲ-ਅਧਾਰ, ਸਮਾਜਿਕ-ਆਰਥਿਕ ਹਾਲਾਤ ਜਾਂ ਯੋਗਤਾ ਵੀ ਸ਼ਾਮਲ ਹੈ,  ਲਈ ਵਿਭਿੰਨਤਾ ਵਾਲੇ ਆਡਿਟ ਦੀ ਲੋੜ ਹੈ।

### 5. ਸਮਾਰਟ ਪਲੈਨਿੰਗ

ਪੂਰਨ ਵਾਧੇ ਵਿਚ ਸਿਰਫ਼ 20 ਸਾਲ ਰਹਿਣ ਕਰਕੇ, ਬਰੈਂਪਟਨ ਦੀਆਂ ਵੇਲਾ-ਵਿਹਾ ਚੁੱਕੀਆਂ ਪਲੈਨਿੰਗ ਪ੍ਰੀਕਿਰਿਆਵਾਂ ਨੂੰ ਸੋਧਣ ਦੀ ਅਤਿਅੰਤ ਲੋੜ ਹੈ। ਸਿਟੀ ਨੂੰ ਕਮਿਊਨਿਟੀਜ਼ ਦੀ ਸਾਂਝੀ ਵਰਤੋਂ, ਜ਼ਿਆਦਾ ਰੋਜ਼ਗਾਰ ਵਾਲੀ ਲੈਂਡ ਅਤੇ ਟਰੈਫਿਕ ਦੀ ਸਮੱਸਿਆ ਨੂੰ ਘਟਾਉਣ ਵੱਲ ਧਿਆਨ ਦੇਣ ਦੀ ਲੋੜ ਹੈ।

- ਨੌਕਰੀਆਂ ਪੈਦਾ ਕਰਨ ਵਾਲੇ
- ਯੂਨੀਵਰਸਿਟੀ ਦੀ ਮਨਜ਼ੂਰੀ
- ਜੁਰਮ ਘਟਾਉਣ ਲਈ ਪਹਿਲ-ਕਦਮੀ
- ਟੈਕਸ-ਦਰਾਂ ਦੀ ਸੁਰੱਖਿਆ
- LRT ਲਈ ਜੱਦੋ-ਜਹਿਦ
- ਟੈਕਸੀ ਇੰਡਸਟਰੀ ਦੇ ਹੱਕ ਵਿਚ ਖੜੇ ਹੋਣ ਵਾਲੇ

gurpreetsinghdhillon.com | info@gurpreetsinghdhillon.com | 905-781-1010 | @gurpreetbrampton | @gurpreetdhillon



# RE-ELECT LINDA JEFFREY

*TOGETHER WE CAN DO MORE*



**Election Day:**
Monday, October 22, 10:00am - 8:00pm

**Advance Voting:**
October 2 - 13

- ✓ Safer community
- ✓ Attract and create jobs
- ✓ Improve Transit and fight gridlock

**For more information:**

info@lindajeffrey.ca
www.lindajeffrey.ca
Facebook.com/BramptonLinda
@LindaJeffrey
Volunteering: LindaJeffrey.ca
289-201-0609

# ਵਾਰਡ 7 ਤੇ 8 ਸਿਟੀ ਕੌਂਸਲਰ ਲਈ ਉਮੀਦਵਾਰ ਹਰਵੀਨ ਧਾਲੀਵਾਲ ਅਤੇ ਰੀਜਨਲ ਕੌਂਸਲਰ ਪੈਟ ਫੋਰਟੀਨੀ ਦੀ ਟੀਮ ਦੀ ਜਿੱਤ ਯਕੀਨੀ






- ☑ LRT & Transit
- ☑ University
- ☑ Local Job Creation
- ☑ Our Senior Community
- ☑ Creating Better Neighbourhoods for our Families and Friends.
- ☑ Improve our Parks and Recreational Facilities

Educational Background:
Bachelor of Arts at University of Toronto
Masters in Public Administration at Pace University, New York

**VISIT US AT OUR CAMPAIGN OFFICE**
260 Queen Street East, Brampton ON L6V 1B9
Campaign Office: 437-235-1708 Cell: 647-999-4432
E : electharveendhaliwal@gmail.com
W : www.harveendhaliwal.com • f : HarveenDhaliwal

**Working Together For A Better Future....**

**ON OCTOBER 22ND ELECT HARVEEN DHALIWAL**





















*ਹਰਵੀਨ ਧਾਲੀਵਾਲ ਸਾਬਕਾ ਮੇਅਰ ਨਾਲ




*ਮੁਸਲਮ ਆਗੂ ਕਾਮਰਾਨ ਅਲੀ ਵਲੋਂ ਹਰਵੀਨ ਧਾਲੀਵਾਲ ਨੂੰ ਸਮਰਥਨ




*ਧਾਲੀਵਾਲ ਪਰਿਵਾਰ ਵਲੋਂ ਹਸਪਤਾਲ ਨੂੰ $10,00 ਦਾ ਦਾਨ


Fulfillment
starts here
Full-time jobs with benefits on your first day and pay starting at $15.75 an hour.
Start now - you could have an Amazon job offer today!
amazon.com/vancouverjobs
amazon
Amazon is an Equal Opportunity-Affirmative Action Employer — Minority / Female / Disability / Veteran / Gender Identity / Sexual Orientation


22 ਅਕਤੂਬਰ
ਨੂੰ ਵੋਟ ਪਾਓ
MAKE
YOUR
MARK
Brampton Votes 2018
ਬ੍ਰੈਂਪਟਨ ਮਿਉਨਿਸਿਪਲ ਚੋਣਾਂ
ਇਹ ਮਹੱਤਵਪੂਰਣ ਹੈ। ਤੁਸੀਂ ਮਹੱਤਵਪੂਰਣ ਹੋ।
311
brampton.ca/bramptonvotes
BRAMPTON


Advanced Voting on Oct 2-4, 6, 9-11, 13, 2018
RE-ELECT
Michael
Palleschi
Regional Councillor
WARDS 2 & 6
www.votepalleschi.ca
Safer Communities
Increase Employment
Responsible Growth Management
Continue to cut the Red Tape at City Hall & promote common sense policies
@votepalleschi
Michael Palleschi


CANDIDATE FOR REGIONAL
COUNCILLOR OF BRAMPTON
WARDS 2 & 6
VOTE
GURPREET
BAINS
MY PLATFORM
CRIME PREVENTION & SAFETY
IMPROVE ROAD SAFETY & TRANSIT
ECONOMIC DEVELOPMENT & JOB SAFETY
ADVOCATE FOR GOOD GOVERNANCE
LEARN MORE
@VOTEBAINS
WWW.VOTEBAINS.COM
SUPPORT@VOTEBAINS.COM
(647) 822-4238
15 FANDOR WAY UNIT 1B/2B
BRAMPTON, ONTARIO


## ਅੱਜ ਨਾਮਾ

ਕਰਦੀ ਨਹੀਂ ਸੁਧਾਰ ਹੈ ਏਅਰ ਇੰਡੀਆ,
ਉਹੀ ਰੰਗ ਇਸ ਦੇ, ਉਹੀਓ ਚਾਲ ਬੇਲੀ।
ਹੋ ਰਹੇ ਦੁਖੀ ਹਨ ਲੋਕ ਤਾਂ ਫਿਕਰ ਨਾਹੀਂ,
ਸਾਨੂੰ ਮਤਲਬ ਨਹੀਂ ਏਸ ਦੇ ਨਾਲ ਬੇਲੀ।
ਬੁੱਢਾ ਆਇਆ ਤੇ ਖੂੰਜੇ ਵਿੱਚ ਬੈਠ ਜਾਵੇ,
ਕਰਿਆ ਜਾਵੇ ਨਹੀਂ ਖਾਸ ਖਿਆਲ ਬੇਲੀ।
ਬੱਚੇ ਵਾਲਾ ਪਰਵਾਰ ਕੋਈ ਆ ਗਿਆ ਤਾਂ,
ਪੁੱਛਣੀ ਲੋੜ ਨਾ, ਰੋਵੇ ਪਿਆ ਬਾਲ ਬੇਲੀ।
ਟੁੱਟਾ-ਭੱਜਾ ਜਿਹਾ ਆ ਗਿਆ ਕੋਈ ਆਗੂ,
ਖੱਬੇ-ਸੱਜੇ ਫਿਰ ਹੁੰਦਾ ਪਿਆ ਡਾਂਸ ਬੇਲੀ।
ਖਤਰਾ ਹੁੰਦਾ ਨਹੀਂ ਕੋਈ ਫਿਰ ਨੌਕਰੀ ਨੂੰ,
ਕਈਆਂ ਲਾਭਾਂ ਦਾ ਹੁੰਦਾ ਈ ਚਾਂਸ ਬੇਲੀ।

ਤੀਸ ਮਾਰ ਖਾਂ

# ਕੈਪਟਨ ਅਮਰਿੰਦਰ ਨੇ ਪਰਾਲੀ ਮੁੱਦੇ ਦੇ ਮੁਆਵਜ਼ੇ ਵਾਸਤੇ ਪ੍ਰਧਾਨ ਮੰਤਰੀ ਤੱਕ ਪਹੁੰਚ ਕੀਤੀ

ਨਵੀਂ ਦਿੱਲੀ, 18 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਪਰਾਲੀ ਸਾੜਨ ਦੇ ਇਸ ਵਕਤ ਦੇ ਬਹੁ-ਚਰਚਿਤ ਮੁੱਦੇ ਦੇ ਹੱਲ ਵਾਸਤੇ ਮੁਆਵਜ਼ਾ ਮੰਗਣ ਲਈ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰ ਕੇ ਸਾਰੀ ਸਮੱਸਿਆ ਪੇਸ਼ ਕੀਤੀ। ਉਨ੍ਹਾਂ ਨੇ ਇਸ ਮਕਸਦ ਲਈ ਕਿਸਾਨਾਂ ਨੂੰ ਝੋਨੇ ਉੱਤੇ 100 ਰੁਪਏ ਕੁਇੰਟਲ ਮੁਆਵਜ਼ਾ ਦੇਣ 'ਤੇ ਜ਼ੋਰ ਦਿੱਤਾ, ਜਿਸ ਬਾਰੇ ਪ੍ਰਧਾਨ ਮੰਤਰੀ ਨੇ ਹਮਦਰਦੀ ਜਤਾਈ ਹੈ।



ਮਿਲੀ ਜਾਣਕਾਰੀ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੱਸਿਆ ਕਿ ਵਾਢੀਆਂ ਖਤਮ ਹੋਣ ਉੱਤੇ ਪੰਜਾਬ ਸਰਕਾਰ ਵੱਲੋਂ ਚੁੱਕੇ ਕਦਮਾਂ ਦੇ ਬਾਵਜੂਦ ਪਰਾਲੀ ਸਾੜਨ ਵਾਲੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਇਸ ਦੇ ਹੱਲ ਵਿੱਚ ਕੇਂਦਰ ਸਰਕਾਰ ਦੀ ਮਦਦ ਦੀ ਲੋੜ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣਾ ਵਿਚਾਲੇ ਅਫਸਰਾਂ ਦੀ ਤਾਇਨਾਤੀ ਅਤੇ ਹੋਰ ਵਸੀਲਿਆਂ ਬਾਰੇ ਸੰਤਲੁਨ ਵਿਗਾੜਨ ਦੀਆਂ ਲਗਾਤਾਰ ਕੋਸ਼ਿਸ਼ਾਂ ਉੱਤੇ ਰੋਸ ਪ੍ਰਗਟ ਕੀਤਾ ਕਿ ਕਿਹਾ ਕਿ ਇਸ ਤਰ੍ਹਾਂ ਸ਼ਰਾਰਤਾਂ ਕੀਤੀਆਂ ਜਾ ਰਹੀਆਂ ਹਨ। ਉਨਾਂ ਨੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਸਾਂਝੀ ਜ਼ਿੰਮੇਵਾਰੀ ਦੇ ਸਿਧਾਂਤ ਹੇਠ ਬੀਤੇ ਸਾਲਾਂ ਵਿੱਚ ਕੈਸ਼ ਕਰੈਡਿਟ ਲਿਮਿਟ (ਸੀ ਸੀ ਐਲ) ਦੇ 31,000 ਕਰੋੜ ਰੁਪਏ ਦੀ ਅਦਾਇਗੀ ਵਿਚ ਵੱਡਾ ਪਾੜਾ ਨਿਬੇੜਨ ਲਈ ਕੇਂਦਰ ਦੇ ਵਿੱਤ ਮੰਤਰਾਲੇ ਨੂੰ ਵਿਚਾਰ ਕਰਨ ਨੂੰ ਕਿਹਾ ਜਾਵੇ। ਉਨਾਂ ਪ੍ਰਧਾਨ ਮੰਤਰੀ ਮੋਦੀ ਦਾ ਧਿਆਨ ਦਿਵਾਇਆ ਕਿ ਇਹ ਮਾਮਲਾ ਖੁਰਾਕ ਤੇ ਜਨਤਕ ਵੰਡ ਮੰਤਰਾਲੇ ਦੀ ਅੰਦਰੂਨੀ ਰਿਪੋਰਟ, ਜਿਸ ਨੂੰ ਪੀ ਕੇ ਝਾਅ ਕਮੇਟੀ ਦੀ ਰਿਪੋਰਟ ਕਿਹਾ ਜਾਂਦਾ ਹੈ, ਵਿੱਚ ਵਿਚਾਰਿਆ ਗਿਆ ਹੈ। ਉਨ੍ਹਾਂ ਅਪੀਲ ਕੀਤੀ ਕਿ 31,000 ਕਰੋੜ ਦੀ ਰਕਮ ਨੂੰ ਲੰਮੀ ਮਿਆਦ ਦੇ ਕਰਜ਼ੇ ਵਿੱਚ ਬਦਲਣ ਦੇ ਫੈਸਲੇ 'ਤੇ ਮੁੜ ਵਿਚਾਰ ਕੀਤੀ ਜਾਵੇ।

ਇਸ ਦੌਰਾਨ ਮੁੱਖ ਮੰਤਰੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵੱਡੀ ਪੱਧਰ ਉਤੇ ਮਨਾਉਣ ਲਈ ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਮਦਦ ਦੇਣ ਲਈ ਨਰਿੰਦਰ ਮੋਦੀ ਵੱਲੋਂ ਦਿੱਤਾ ਹੋਇਆ ਭਰੋਸਾ ਯਾਦ ਕਰਵਾਇਆ।

ਮੁੱਖ ਮੰਤਰੀ ਨੇ ਪੰਜਾਬ ਅੰਦਰ ਪਿਛਲੇ ਦਿਨੀਂ ਪਏ ਭਾਰੀ ਮੀਂਹ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਵਾਸਤੇ 800 ਕਰੋੜ ਰੁਪਏ ਦਿੱਤੇ ਜਾਣ ਦੀ ਮੰਗ ਵੀ ਕੀਤੀ। ਉਨ੍ਹਾਂ ਦੱਸਿਆ ਕਿ ਭਾਰੀ ਮੀਂਹ ਦੇ ਨਾਲ ਫ਼ਸਲਾਂ ਨੂੰ ਅੰਦਾਜ਼ਨ 150 ਕਰੋੜ ਰੁਪਏ ਨੁਕਸਾਨ ਹੋਇਆ ਅਤੇ ਸੜਕੀ ਤਾਣੇ ਨੂੰ 119.32 ਕਰੋੜ ਅਤੇ ਹੜ੍ਹ ਸੁਰੱਖਿਆ ਬੁਨਿਆਦੀ ਢਾਂਚੇ ਅਤੇ ਸਿੰਜਾਈ ਪ੍ਰਬੰਧ ਦਾ 516.51 ਕਰੋੜ ਰੁਪਏ ਦਾ ਨੁਕਸਾਨ ਹੋਣ ਦੇ ਨਾਲ ਪਸ਼ੂ ਧਨ ਅਤੇ ਨਿੱਜੀ ਰਿਹਾਇਸ਼ਾਂ ਦਾ 5.11 ਕਰੋੜ ਰੁਪਏ ਤੱਕ ਨੁਕਸਾਨ ਹੋਇਆ ਹੈ। ਇਸ ਤਰ੍ਹਾਂ ਦੇ ਕੁਝ ਹੋਰ ਮੁੱਦੇ ਵੀ ਇਸ ਮੌਕੇ ਵਿਚਾਰੇ ਗਏ ਸਨ।

ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਨੇ ਪਰਾਲੀ ਦੇ ਮਸਲੇ ਨੂੰ ਸੁਲਝਾਉਣ ਲਈ ਮੁੱਖ ਮੰਤਰੀ ਵਲੋਂ ਕਿਸਾਨਾਂ ਨੂੰ ਝੋਨੇ 'ਤੇ ਸੌ ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਤੋਂ ਨਾਹ ਕਰ ਕੇ ਕਿਹਾ ਕਿ ਕੇਂਦਰ ਨੇ ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ ਵਧਾ ਦਿਤਾ ਹੈ ਤੇ ਇਸ ਲਈ ਹੋਰ ਪੈਸੇ ਦੇਣੇ ਸੰਭਵ ਨਹੀਂ, ਪਰ ਉਨ੍ਹਾਂ ਨੇ ਸੀ ਸੀ ਐਲ ਦੇ ਮਸਲੇ ਨੂੰ ਹੱਲ ਕਰਨ ਦੀ ਹਾਮੀ ਭਰੀ ਹੈ। ਇਸ ਮਾਮਲੇ ਬਾਰੇ ਕੁਝ ਮੀਟਿੰਗ ਹੋ ਵੀ ਚੁੱਕੀਆਂ ਹਨ।

# ਆਰ ਐੱਸ ਐੱਸ ਦੇ ਮੁਖੀ ਨੇ ਰਾਮ ਮੰਦਰ ਲਈ ਕਾਨੂੰਨ ਪਾਸ ਕਰਨ ਦੀ ਮੰਗ ਫਿਰ ਉਛਾਲ ਦਿੱਤੀ

### * ਸ਼ਬਰੀਮਾਲਾ ਮੁੱਦੇ ਉੱਤੇ ਅਦਾਲਤੀ ਫ਼ੈਸਲੇ ਦੀ ਨੁਕਤਾਚੀਨੀ

ਨਾਗਪੁਰ, 18 ਅਕਤੂਬਰ, (ਪੋਸਟ ਬਿਊਰੋ)- ਹਿੰਦੂ ਸੰਗਠਨ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐਸ ਐਸ) ਦੇ ਮੁਖੀ ਮੋਹਨ ਭਾਗਵਤ ਨੇ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ।



ਦਸਹਿਰੇ ਤੋਂ ਪਹਿਲਾਂ ਅੱਜ ਏਥੇ ਆਰ ਐਸ ਐਸ ਦੇ ਮੁੱਖ ਦਫ਼ਤਰ ਵਿੱਚ ਦਿੱਤੇ ਆਪਣੇ ਭਾਸ਼ਣ ਵਿਚ ਭਾਗਵਤ ਨੇ ਕਿਹਾ ਕਿ ਸਵੈ-ਮਾਣ ਦੀ ਭਾਵਨਾ ਪੈਦਾ ਕਰਨ ਅਤੇ ਦੇਸ਼ ਅੰਦਰ ਸਦਭਾਵਨਾ ਤੇ ਇਕਜੁੱਟਤਾ ਦਾ ਮਾਹੌਲ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਰਾਮ ਮੰਦਰ ਉਸਾਰੀ ਲਈ ਪਾਰਲੀਮੈਂਟ ਵਿੱਚ ਕਾਨੂੰਨ ਬਣਾਇਆ ਜਾਵੇ। ਸ਼ਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖਲੇ ਵਾਲੇ ਵਿਵਾਦ ਦਾ ਜ਼ਿਕਰ ਕਰਦਿਆਂ ਮੋਹਣ ਭਾਗਵਤ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਵਿਚ ਪਰੰਪਰਾ ਬਾਰੇ ਸਹੀ ਤਰ੍ਹਾਂ ਗੌਰ ਨਹੀਂ ਕੀਤਾ ਗਿਆ, ਜਿਸ ਨਾਲ ਸਮਾਜ ਵਿਚ ਵੰਡ ਪੈਦਾ ਹੋਈ ਹੈ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਨੋਬੇਲ ਪੁਰਸਕਾਰ ਜੇਤੂ ਕੈਲਾਸ਼ ਸਤਿਆਰਥੀ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਦੇਸ਼ ਦੇ ਦੂਰ-ਦੁਰਾਡੇ ਪਿੰਡਾਂ ਵਿਚ ਆਰ ਐਸ ਐਸ ਦੀਆਂ ਸ਼ਾਖਾਵਾਂ ਬੱਚਿਆਂ, ਖਾਸ ਕਰ ਕੇ ਕੁੜੀਆਂ ਦੀ ਰਾਖੀ ਵਿੱਚ ਸਹਾਇਕ ਸਾਬਤ ਹੋ ਸਕਦੀਆਂ ਹਨ।

ਮੋਹਣ ਭਾਗਵਤ ਨੇ ਕਿਹਾ, 'ਰਾਜਨੀਤੀ ਰਾਮ ਮੰਦਰ ਦੇ ਬਣਨ ਵਿਚ ਦੇਰੀ ਕਰਵਾ ਰਹੀ ਹੈ ਤੇ ਬਿਨਾਂ ਕਿਸੇ ਕਾਰਨ ਤੋਂ ਸਮਾਜ ਦੇ ਸਬਰ ਦੀ ਪਰਖ ਕਰਨੀ ਕਿਸੇ ਦੇ ਵੀ ਹਿੱਤ ਵਿਚ ਨਹੀਂ। ਕੁਝ ਲੋਕ ਜੁਡੀਸ਼ਲ ਪ੍ਰਕਿਰਿਆ ਦੇ ਨਵੇਂ ਨਵੇਂ ਪੱਖ ਜੋੜ ਕੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਰੋਕਣ ਦੀਆਂ ਵਿਉਂਤਾਂ ਘੜ ਰਹੇ ਹਨ।' ਪਾਕਿਸਤਾਨ ਦਾ ਨਾਂਅ ਲਏ ਬਗ਼ੈਰ ਮੋਹਣ ਭਾਗਵਤ ਨੇ ਕਿਹਾ ਕਿ ਓਥੇ ਨਵੀਂ ਸਰਕਾਰ ਬਣਨ ਦੇ ਬਾਵਜੂਦ ਸਰਹੱਦ ਉਤੇ ਹਮਲੇ ਨਹੀਂ ਰੁਕੇ। ਉਨ੍ਹਾਂ ਕਿਹਾ ਕਿ ਭਾਰਤ ਸ਼ਾਂਤੀ ਤੇ ਦੋਸਤੀ ਚਾਹੁੰਦਾ ਹੈ, ਪਰ ਦੇਸ਼ ਨੂੰ ਹਥਿਆਰਬੰਦ ਫੌਜਾਂ ਨੂੰ ਮਜ਼ਬੂਤ ਬਣਾਉਣ ਤੇ ਨਾਲ ਗੁਆਂਢੀਆਂ ਨਾਲ ਅਮਨ ਦਾ ਪ੍ਰਚਾਰ ਕਰਨ ਵਿਚਕਾਰ ਸੰਤੁਲਨ ਕਾਇਮ ਕਰ ਕੇ ਚੱਲਣਾ ਚਾਹੀਦਾ ਹੈ।

ਇਸ ਦੌਰਾਨ ਅੰਤਰਰਾਸ਼ਟਰੀ ਹਿੰਦੂ ਪ੍ਰੀਸ਼ਦ ਦੇ ਆਗੂ ਪ੍ਰਵੀਨ ਤੋਗੜੀਆ ਨੇ ਮੋਹਣ ਭਾਗਵਤ ਦੇ ਬਿਆਨ ਬਾਰੇ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਮੰਦਰ ਵਾਸਤੇ ਕਾਨੂੰਨ ਪਾਸ ਕਰਨ ਤੋਂ ਕਿਸ ਨੇ ਰੋਕਿਆ ਸੀ। ਉਨ੍ਹਾਂ ਕਿਹਾ ਕਿ ਆਰ ਐਸ ਐਸ ਰਾਮ ਮੰਦਰ ਦਾ ਮੁੱਦਾ ਇਸ ਕਰ ਕੇ ਚੁੱਕਣ ਲੱਗੀ ਹੈ ਕਿ ਚੋਣਾਂ ਨੇੜੇ ਆ ਗਈਆਂ ਹਨ ਤੇ ਸਰਕਾਰ ਦੀ ਕਾਰਕਰਦਗੀ ਬੇਹੱਦ ਮਾੜੀ ਹੈ।

# ਬਾਦਲ ਉਤੇ ਹਮਲੇ ਦਾ ਸਾਜ਼ਿਸ਼ ਕਰਤਾ ਜਰਮਨ ਸਿੰਘ ਬੀਕਾਨੇਰ ਤੋਂ ਗ੍ਰਿਫਤਾਰ

### * ਰਾਜਸਥਾਨ ਤੇ ਪਟਿਆਲਾ ਪੁਲਿਸ ਨੇ ਮਿਲ ਕੇ ਕੀਤੀ ਕਾਰਵਾਈ

ਪਟਿਆਲਾ, 18 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਤਲ ਵਾਸਤੇ ਸਾਜ਼ਿਸ਼ ਘੜਨ ਵਾਲੇ ਮੁੱਖ ਸ਼ੱਕੀ ਦੋਸ਼ੀ ਖ਼ਾਲਿਸਤਾਨੀ ਸਮੱਰਥਕ ਜਰਮਨ ਸਿੰਘ ਨੂੰ ਪਟਿਆਲਾ ਤੇ ਰਾਜਸਥਾਨ ਪੁਲਿਸ ਨੇ ਸਾਂਝੀ ਕਾਰਵਾਈ ਕਰ ਕੇ ਬੀਕਾਨੇਰ ਦੇ ਕੋਲਾਇਤ ਦੇ ਇਕ ਗੁਰਦੁਆਰੇ ਤੋਂ ਅੱਜ ਗ੍ਰਿਫ਼ਤਾਰ ਕਰ ਲਿਆ।

ਮਿਲ ਸਕੀ ਜਾਣਕਾਰੀ ਅਨੁਸਾਰ ਜਰਮਨ ਸਿੰਘ ਦੇ ਖ਼ਿਲਾਫ਼ ਪਟਿਆਲਾ ਦੇ ਇਕ ਥਾਣੇ ਵਿਚ ਲੁੱਟ ਖੋਹ ਦਾ ਮਾਮਲਾ ਦਰਜ ਹੈ, ਜਿਸ ਬਾਰੇ ਉਸ ਦੀ ਪਹਿਲਾਂ ਤੋਂ ਤਲਾਸ਼ ਚੱਲ ਸੀ। ਜਾਣਕਾਰ ਸੂਤਰਾਂ ਅਨੁਸਾਰ ਜਰਮਨ ਸਿੰਘ ਦੀ ਗ੍ਰਿਫਤਾਰੀ ਲਈ ਪੁਲਸ ਨੇ 6 ਵੱਖ-ਵੱਖ ਟੀਮਾਂ ਬਣਾਈਆਂ ਸਨ। ਪੰਜਾਬ ਇੰਟੈਲੀਜੈਂਸ ਟੀਮ ਦੀ ਸੂਹ ਉੱਤੇ ਰਾਜਸਥਾਨ ਪੁਲਿਸ ਨਾਲ ਸੰਪਰਕ ਕੀਤਾ ਗਿਆ ਤੇ ਇਸ ਪਿੱਛੋਂ ਪਟਿਆਲਾ ਪੁਲਿਸ ਤੇ ਰਾਜਸਥਾਨ ਪੁਲਿਸ ਦੀਆਂ ਟੀਮਾਂ ਨੇ ਅੱਜ ਜਰਮਨ ਸਿੰਘ ਨੂੰ ਬੀਕਾਨੇਰ ਦੇ ਕੋਲਾਇਤ ਵਿਚਲੇ ਇਕ ਗੁਰ-ਦੁਆਰੇ ਤੋਂ ਗ੍ਰਿਫਤਾਰ ਕਰ ਲਿਆ। ਅੱਜ ਵੀਰਵਾਰ ਸ਼ਾਮ ਰਾਜਸਥਾਨ ਪੁਲਿਸ ਨੇ ਜਰਮਨ ਸਿੰਘ ਨੂੰ ਪਟਿਆਲਾ ਪੁਲਿਸ ਹਵਾਲੇ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਜਰਮਨ ਸਿੰਘ ਦੇ ਸਾਥੀ ਅਮਰਜੀਤ ਸਿੰਘ ਉਰਫ਼ ਅੰਮ੍ਰਿਤ, ਗੁਰਜੰਟ ਸਿੰਘ ਉਰਫ਼ ਜੰਟਾ ਅਤੇ ਕਰਮ ਸਿੰਘ ਨੂੰ 16 ਅਕਤੂਬਰ ਨੂੰ ਉੱਤਰ ਪ੍ਰਦੇਸ਼ ਪੁਲਿਸ ਨੇ ਗ੍ਰਿਫਤਾਰ ਕੀਤਾ ਸੀ, ਜਿਨ੍ਹਾਂ ਦੀ ਪੁੱਛਗਿਛ ਦੌਰਾਨ ਖ਼ੁਲਾਸਾ ਹੋਇਆ ਸੀ ਕਿ ਗਰੁੱਪ ਦਾ ਮਾਸਟਰ ਮਾਈਂਡ ਜਰਮਨ ਸਿੰਘ ਵਾਸੀ ਅਜੀਜਪੁਰ (ਉੱਤਰ ਪ੍ਰਦੇਸ਼) ਹੈ। ਪੁਲਿਸ ਦੇ ਸੂਤਰਾਂ ਅਨੁਸਾਰ ਜਰਮਨ ਸਿੰਘ ਪੰਜਾਬ ਵਿਚ ਖਾੜਕੂਵਾਦ ਫੈਲਾਉਣਾ ਚਾਹੁੰਦਾ ਸੀ ਜਿਸ ਨੇ ਪੰਜਾਬ ਵਿਚ ਹੀ ਕਾਫ਼ੀ ਹਥਿਆਰ ਵੀ ਇਕੱਠੇ ਕੀਤੇ ਹੋਏ ਸਨ। ਇਨ੍ਹਾਂ ਨੇ ਦੋ ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੇ ਸ਼ਾਮਲੀ ਸ਼ਹਿਰ ਵਿਚ ਪੁਲਿਸ 'ਤੇ ਹਮਲਾ ਕਰ ਕੇ ਦੋ ਰਾਈਫ਼ਲਾਂ ਲੁੱਟ ਲਈਆਂ ਸਨ, ਜਿਸ ਕਰਕੇ ਉੱਤਰ ਪ੍ਰਦੇਸ਼ ਪੁਲਿਸ ਇਨ੍ਹਾਂ ਦੇ ਪਿੱਛੇ ਪੈ ਗਈ ਸੀ।

ਪਤਾ ਲੱਗਾ ਹੈ ਕਿ ਜਰਮਨ ਸਿੰਘ ਆਪਣੇ ਸਾਥੀਆਂ ਸਮੇਤ 7 ਅਕਤੂਬਰ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪਟਿਆਲਾ ਵਿੱਚ ਹੋਈ ਰੈਲੀ ਵਿਚ ਫਾਇਰਿੰਗ ਕਰਕੇ ਭਾਜੜ ਮਚਾਉਣਾ ਚਾਹੁੰਦਾ ਤੇ ਹੋਰਨਾਂ ਸਿਆਸੀ ਆਗੂਆਂ ਦੇ ਕਤਲ ਕਰਨ ਦੀ ਸਾਜ਼ਿਸ਼ ਵੀ ਰੱਚ ਰਿਹਾ ਸੀ।

# ਏਅਰ ਇੰਡੀਆ ਨੇ ਬੱਚੇ ਦਾ ਬੋਰਡਿੰਗ ਕਾਰਡ ਦੇਣ ਤੋਂ ਨਾਂਹ ਕੀਤੀ

ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਨਿੱਤ ਦਿਨ ਦੀਆਂ ਖ਼ਾਮੀਆਂ ਤੋਂ ਪ੍ਰੇਸ਼ਾਨ ਏਅਰ ਇੰਡੀਆ ਆਪਣੀ ਕਾਰਜ ਪ੍ਰਣਾਲੀ ਵਿੱਚ ਬਦਲਾਅ ਕਰਨ ਨੂੰ ਤਿਆਰ ਨਹੀਂ ਜਾਪਦੀ। ਉਸ ਦੇ ਕਰਮਚਾਰੀ ਇਸ ਦੇ ਅਕਸ ਨੂੰ ਹੋਰ ਖਰਾਬ ਕਰਨ ਵਿਚ ਕਸਰ ਨਹੀਂ ਛੱਡ ਰਹੇ। ਨਿਯਮ-ਕਾਇਦਿਆਂ ਦੇ ਨਾਂਅ 'ਤੇ ਭੋਲੇ-ਭਾਲੇ ਯਾਤਰੀਆਂ ਨੂੰ ਪੀੜਤ ਕਰਨ ਦਾ ਇਨ੍ਹਾਂ ਨੂੰ ਮਜ਼ਾ ਆਉਂਦਾ ਜਾਪਦਾ ਹੈ। ਇਨ੍ਹਾਂ ਦੇ ਰੁੱਖੇ ਰਵੱਈਏ ਕਾਰਨ ਮੰਗਵਲਾਰ ਨੂੰ ਦਿੱਲੀ ਤੋਂ ਪੰਤਨਗਰ ਜਾ ਰਹੇ ਇੱਕ ਪਰਵਾਰ ਨੂੰ ਸਿਰਫ ਇਸ ਲਈ ਬੋਰਡਿੰਗ ਤੋਂ ਵਾਂਝੇ ਹੋਣਾ ਪਿਆ, ਕਿਉਂਕਿ ਉਸ ਦੇ ਨਾਲ ਇੱਕ ਬੱਚਾ ਸੀ। ਇਹ ਪਰਵਾਰ ਕੱਲ੍ਹ ਏਅਰ ਇੰਡੀਆ ਦੀ ਸਵੇਰੇ ਦੀ ਫਲਾਈਟ ਦੇ ਲਈ ਦਿੱਲੀ ਏਅਰਪੋਰਟ ਪਹੁੰਚਿਆ ਸੀ, ਪਰ ਨੌਂ ਵਜੇ ਚੈਕ ਇਨ ਕਾਊਂਟਰ 'ਤੇ ਮੌਜੂਦ ਮਹਿਲਾ ਮੁਲਾਜ਼ਮ ਨੇ ਉਨ੍ਹਾਂ ਦੇ ਬੱਚੇ ਦਾ ਬੋਰਡਿੰਗ ਕਾਰਡ ਬਣਾਉਣ ਤੋਂ ਇਨਕਾਰ ਕਰ ਦਿੱਤਾ। ਕਾਰਨ ਪੁੱਛਣ 'ਤੇ ਮੁਲਾਜ਼ਮ ਕੁਝ ਕਹਿਣ ਦੇ ਬਜਾਏ ਕਾਊਂਟਰ ਛੱਡ ਕੇ ਆਪਣੇ ਸੀਨੀਅਰ ਸੁਪਰਵਾਈਜ਼ਰ ਨੂੰ ਮਿਲਣ ਚਲੀ ਗਈ। ਇਸ ਤੋਂ ਪਹਿਲਾਂ ਪਰਵਾਰ ਲਗਾਤਾਰ ਇਸ ਗੱਲ ਦਾ ਅਪੀਲ ਕਰਦਾ ਰਿਹਾ ਕਿ ਜੇ ਕੋਈ ਵਾਧੂ ਪੈਸਾ ਲੱਗਦਾ ਹੈ ਤਾਂ ਉਹ ਦੇਣ ਨੂੰ ਤਿਆਰ ਹਨ, ਕਿਉਂਕਿ ਬੱਚੇ ਦਾ ਨਾਂਅ ਪੀ ਐੱਨ ਆਰ ਵਿੱਚ ਦਰਜ ਹੈ। ਕੋਈ ਜਵਾਬ ਨਾ ਮਿਲਣ 'ਤੇ ਉਨ੍ਹਾਂ ਨੇ 9.30 ਵਜੇ ਬੱਚੇ ਲਈ ਦੂਸਰਾ ਟਿਕਟ ਖਰੀਦਿਆ। ਇਸ ਦੌਰਾਨ ਬੋਰਡਿੰਗ ਬੰਦ ਹੋ ਗਈ ਅਤੇ ਉਨ੍ਹਾਂ ਨੂੰ ਨਿਰਾਸ਼ ਹੋ ਕੇ ਆਪਣੇ ਘਰ ਨੂੰ ਪਰਤਣਾ ਪਿਆ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੌਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593
NO SIDE EFFECTS

UK Truck Training Centre
Ministry Approved Private Carrier College
○ Automatic & Manual Trucks
• 1 on 1 Training
○ Forklift Training
Forklift $79 Recertification
Reach Truck
Counterbalance
"We Provide Training For Forklift & Trucks"
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

SherGill Law Firm
Barrister, Solicitor & Notary Public
Services:
● Real Estate
● Residential, Commercial, Franchise
● Criminal Law
● Family Law
● Affidavit, Power Of Attorney & Notarization
● Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਹਿੰਦੂ ਪੰਚਾਇਤ ਨੇ ਬਰਗਾੜੀ ਅੰਦੋਲਨ ਨੂੰ ਕਾਂਗਰਸ ਤੇ 'ਆਪ' ਦੀ ਸਿੱਖ ਵੋਟਾਂ ਲਈ ਸਾਜ਼ਿਸ਼ ਆਖਿਆ




ਲੁਧਿਆਣਾ, 18 ਅਕਤੂਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ ਵਿੱਚ ਗਰਮ ਖਿਆਲੀ ਸਿੱਖ ਸੰਗਠਨਾਂ ਵੱਲੋਂ ਬਰਗਾੜੀ ਵਿਖੇ ਚੱਲ ਰਹੇ ਅੰਦੋਲਨ ਨੂੰ ਹਿੰਦੂ ਪੰਚਾਇਤ ਨੇ ਕਾਂਗਰਸ, ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਵੱਲੋਂ ਹਵਾ ਦੇਣ ਦੀਆਂ ਕੋਸ਼ਿਸ਼ਾਂ ਅਤੇ ਪੰਜਾਬ ਲਈ ਘਾਤਕ ਅਤੇ ਖਾੜਕੂਵਾਦ ਲਈ ਦਸਤਕ ਦਾ ਸੰਕੇਤ ਦੱਸਿਆ ਹੈ।

ਹਿੰਦੂ ਪੰਚਾਇਤ ਨੇ ਕਿਹਾ ਕਿ ਸਿੱਖ ਸਟੂਡੈਂਟ ਫੈਡਰੇਸ਼ਨ ਵੱਲੋਂ ਬਰਗਾੜੀ ਕਾਂਡ ਬਾਰੇ ਇੱਕ ਨਵੰਬਰ ਨੂੰ ਪੰਜਾਬ ਬੰਦ ਦੇ ਸੱਦੇ ਦਾ ਹਿੰਦੂ ਪੰਚਾਇਤ ਅਤੇ ਵਪਾਰਕ ਸੰਸਥਾਵਾਂ ਖੁੱਲ੍ਹ ਕੇ ਵਿਰੋਧ ਕਰਨਗੀਆਂ। ਇਸ ਸੰਬੰਧ ਵਿੱਚ ਹਿੰਦੂ ਪੰਚਾਇਤ ਮੁਖੀ ਰਾਜੀਵ ਟੰਡਨ ਨੇ ਕਿਹਾ ਕਿ ਬਰਗਾੜੀ ਕਾਂਡ ਦੀ ਬਰਸੀ ਮੌਕੇ ਕਾਂਗਰਸ, ਆਪ ਪਾਰਟੀ ਅਤੇ ਲੋਕ ਇਨਸਾਫ ਪਾਰਟੀ ਦੇ ਨੇਤਾਵਾਂ ਦੀ ਗਰਜਣਾ ਤੋਂ ਸਾਬਤ ਹੁੰਦਾ ਹੈ ਕਿ ਇਨ੍ਹਾਂ ਸਿਆਸੀ ਦਲਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਣ ਮਰਿਆਦਾ ਦੀ ਨਹੀਂ, ਸਿੱਖ ਵੋਟ ਬੈਂਕ ਪੱਕਾ ਕਰਨ ਦੀ ਚਿੰਤਾ ਵੱਧ ਹੈ। ਜੇ ਸਮੇਂ ਸਿਰ ਪੰਜਾਬ ਦੀ ਜਨਤਾ ਨੇ ਇਨ੍ਹਾਂ ਸਿਆਸੀ ਦਲਾਂ ਦੇ ਇਰਾਦਿਆਂ 'ਤੇ ਰੋਕ ਲਾ ਕੇ ਮੂੰਹ ਤੋੜ ਜਵਾਬ ਨਾ ਦਿੱਤਾ ਤਾਂ ਪੰਜਾਬ ਇੱਕ ਵਾਰ ਫਿਰ ਖਾੜਕੂਵਾਦ ਦੀ ਭੱਠੀ ਵਿੱਚ ਝੁਲਸ ਜਾਵੇਗਾ।

ਵਿਧਾਇਕ ਸਿਮਰਜੀਤ ਸਿੰਘ ਬੈਂਸ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਵਿਰੋਧ ਵਿੱਚ ਕਾਲੀ ਦੀਵਾਲੀ ਮਨਾਏ ਜਾਣ ਦੇ ਐਲਾਨ 'ਤੇ ਉਨ੍ਹਾਂ ਕਿਹਾ ਕਿ ਬੈਂਸ ਭਰਾ ਧਰਮ ਦੇ ਮੋਢਿਆਂ 'ਤੇ ਸਵਾਰ ਹੋ ਕੇ ਲੋਕ ਸਭਾ ਚੋਣ ਜਿੱਤਣ ਅਤੇ ਪੰਜਾਬ ਵਿੱਚ ਸੱਤਾ ਹਾਸਲ ਕਰਨ ਦੇ ਸੁਫਨੇ ਦੇਖ ਰਹੇ ਹਨ।

# 43 ਲੱਖ ਪਰਿਵਾਰਾਂ ਨੂੰ ਸਿਹਤ ਬੀਮੇ ਦੇ ਲਾਭ ਲਈ ਕੇਂਦਰ ਨਾਲ ਦੋ ਸਮਝੌਤਿਆਂ ਉੱਤੇ ਦਸਖਤ



*ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ ਦੇ ਤਾਹਿਤ ਸਮਝੌਤੇ ਮਗਰੋਂ ਪੰਜਾਬ ਸਰਕਾਰ ਤੇ ਕੇਂਦਰ ਦੇ ਅਧਿਕਾਰੀ।*

ਜਲੰਧਰ, 18 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸੂਬੇ ਦੇ 43 ਲੱਖ ਗਰੀਬ ਪਰਵਾਰਾਂ ਤੱਕ ਸਿਹਤ ਬੀਮੇ ਦਾ ਲਾਭ ਪਹੁੰਚਾਉਣ ਲਈ ਕੇਂਦਰ ਸਰਕਾਰ ਨਾਲ ਕੱਲ੍ਹ ਦੋ ਸਮਝੌਤਿਆਂ 'ਤੇ ਦਸਖਤ ਕੀਤੇ ਹਨ।

ਸਰਕਾਰੀ ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਮੌਜੂਦਗੀ ਵਿੱਚ ਦੋਵਾਂ ਸਮਝੌਤਿਆਂ ਉੱਤੇ ਦਸਖਤ ਹੋਏ ਹਨ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਪਰਵਾਰਾਂ ਦਾ ਹਰ ਸਾਲ ਪੰਜ-ਪੰਜ ਲੱਖ ਰੁਪਏ ਦਾ ਬੀਮਾ ਹੋਵੇਗਾ। ਕੇਂਦਰ ਨੇ ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ ਸਾਰੇ ਦੇਸ਼ ਵਿੱਚ ਲਾਗੂ ਕੀਤੀ ਹੈ। ਮੁੱਖ ਮੰਤਰੀ ਨੇ ਉਕਤ ਸਮਝੌਤਿਆਂ ਨੂੰ ਠੀਕ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਗਰੀਬਾਂ ਨੂੰ ਸਿਹਤ ਸਹੂਲਤਾਂ ਮਿਲ ਸਕਣਗੀਆਂ।

ਸਿਹਤ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਪੰਜਾਬ ਕਿਉਂਕਿ ਸਰਹੱਦੀ ਸੂਬਾ ਹੈ, ਇਸ ਲਈ ਕੇਂਦਰ ਦੀਆਂ ਯੋਜਨਾਵਾਂ ਵਿੱਚ ਪੰਜਾਬ ਦਾ ਹਿੱਸਾ 10 ਫੀਸਦੀ ਤੇ ਕੇਂਦਰ ਦਾ ਨੱਬੇ ਫੀਸਦੀ ਹੋਣਾ ਚਾਹੀਦਾ ਹੈ। ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਾਜ ਸਿਹਤ ਬੀਮਾ ਪ੍ਰੋਗਰਾਮ ਅਧੀਨ 28.20 ਲੱਖ ਵਾਧੂ ਪਰਵਾਰਾਂ ਨੂੰ ਪ੍ਰੋਗਰਾਮ ਅਧੀਨ ਲਿਆਂਦਾ ਜਾਏਗਾ। ਨੀਲੇ ਕਾਰਡ ਹੋਲਡਰ, ਜੇ-ਫਾਰਮ ਹੋਲਡਰ, ਨਿਰਮਾਣ ਖੇਤੀ ਤੇ ਛੋਟੇ ਵਪਾਰੀ ਵੀ ਇਸ 'ਚ ਸ਼ਾਮਲ ਹੋਣਗੇ। ਇਸ ਤਰ੍ਹਾਂ ਉਕਤ ਪ੍ਰੋਗਰਾਮ ਅਧੀਨ ਆਉਣ ਵਾਲੇ ਕੁੱਲ ਪਰਵਾਰਾਂ ਦੀ ਗਿਣਤੀ ਵਧ ਕੇ 43 ਲੱਖ 16 ਹਜ਼ਾਰ ਹੋ ਜਾਏਗੀ। ਇਨ੍ਹਾਂ 'ਚੋਂ 20 ਲੱਖ 30 ਹਜ਼ਾਰ ਨੀਲੇ ਕਾਰਡ ਹੋਲਡਰ ਪਰਵਾਰ ਵੀ ਸ਼ਾਮਲ ਹਨ। ਕੇਂਦਰ ਵੱਲੋਂ ਆਪਣੀ ਯੋਜਨਾ 2019 ਤੋਂ ਲਾਂਚ ਕੀਤੀ ਜਾ ਰਹੀ ਹੈ। ਇਸ ਅਧੀਨ ਪੰਜਾਬ ਦੇ 14 ਲੱਖ 96 ਹਜ਼ਾਰ ਪਰਵਾਰ ਕਵਰ ਕੀਤੇ ਜਾਣਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਕਤ ਯੋਜਨਾ 'ਤੇ ਆਈ ਲਾਗਤ ਅਧੀਨ ਕੇਂਦਰ ਵੱਲੋਂ 60 ਤੇ ਪੰਜਾਬ ਸਰਕਾਰ ਵੱਲੋਂ ਚਾਲੀ ਫੀਸਦੀ ਹਿੱਸਾ ਪਾਇਆ ਜਾਏਗਾ। ਪੰਜਾਬ ਦਾ ਹਿੱਸਾ ਲਗਭਗ 65 ਕਰੋੜ ਬਣੇਗਾ, ਜਦ ਕਿ ਕੇਂਦਰ ਦਾ 97 ਕਰੋੜ ਹੋਵੇਗਾ।

## ਬ੍ਰੈਗਜ਼ਿਟ ਮੁੱਦੇ ਉੱਤੇ ਨਵੰਬਰ ਵਿੱਚ ਹੋਣ ਵਾਲੀ ਮੀਟਿੰਗ ਰੱਦ

ਬਰੱਸਲਜ਼, 18 ਅਕਤੂਬਰ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਨੇ ਬ੍ਰੈਗਜ਼ਿਟ 'ਤੇ ਨਵੰਬਰ ਵਿਚ ਹੋਣ ਵਾਲੀ ਅਹਿਮ ਮੀਟਿੰਗ ਰੱਦ ਕਰ ਦਿੱਤੀ ਹੈ। ਉਸ ਦਾ ਕਹਿਣਾ ਹੈ ਕਿ ਮੀਟਿੰਗ ਤੋਂ ਪਹਿਲਾਂ ਕੁਝ ਗੱਲਾਂ ਉੱਤੇ ਹੋਰ ਤਿਆਰੀ ਕਰਨਾ ਬਾਕੀ ਹੈ। ਇਸ ਲਈ ਨਵੰਬਰ ਵਿਚ ਬ੍ਰੈਗਜ਼ਿਟ ਮੁੱਦੇ 'ਤੇ ਮੀਟਿੰਗ ਕਰਨ ਦੀ ਅਜੇ ਯੋਜਨਾ ਨਹੀਂ ਹੈ। ਈ ਯੂ ਦੇ ਮੁੱਖ ਵਾਰਤਾਕਾਰ ਮਾਈਕਲ ਬਾਰਨੀਅਰ ਨੇ ਕਿਹਾ ਹੈ ਕਿ ਜੇ ਇਸ ਮੁੱਦੇ 'ਤੇ ਨਿਰਣਾਇਕ ਪ੍ਰਗਤੀ ਹੁੰਦੀ ਹੈ ਤਾਂ ਉਹ ਯੂਰਪੀ ਯੂਨੀਅਨ ਦੀ ਮੀਟਿੰਗ ਸੱਦਣ ਲਈ ਤਿਆਰ ਹੈ। ਬ੍ਰਿਟੇਨ ਦੀ ਪ੍ਰਧਾਨ ਮੰਤਰੀ ਥੈਰੇਸਾ ਮੇਅ ਨੇ ਬਰੱਸਲਜ਼ ਵਿਚ ਬੁੱਧਵਾਰ ਬ੍ਰੈਗਜ਼ਿਟ ਉਤੇ ਯੂਰਪੀ ਯੂਨੀਅਨ ਦੇ 27 ਦੇਸ਼ਾਂ ਦੇ ਪ੍ਰਤੀਨਿਧਾਂ ਸਾਹਮਣੇ ਆਪਣੀ ਗੱਲ ਰੱਖੀ ਸੀ, ਪ੍ਰੰਤੂ ਯੂਰਪੀ ਯੂਨੀਅਨ ਅਤੇ ਬ੍ਰਿਟੇਨ ਵਿਚਾਲੇ ਨਵੰਬਰ ਨੂੰ ਹੋ ਰਹੀ ਮੀਟਿੰਗ ਲਈ ਕੋਈ ਸਹਿਮਤੀ ਨਹੀਂ ਬਣ ਸਕੀ। ਯੂਰਪੀ ਯੂਨੀਅਨ ਦੇ ਪ੍ਰਧਾਨ ਡੋਨਾਲਡ ਟਸਕ ਪਹਿਲੇ ਕਹਿ ਚੁੱਕੇ ਸਨ। ਅਕਤੂਬਰ ਮੀਟਿੰਗ ਸੱਚਾਈ ਦਾ ਪਲ ਹੈ। ਇਹ ਮੀਟਿੰਗ ਦੀ ਦਿਸ਼ਾ ਤੈਅ ਕਰੇਗੀ। ਜੇ ਮੈਨੂੰ ਲੱਗਾ ਕਿ ਅਸੀਂ ਨਵੰਬਰ ਦੀ ਮੀਟਿੰਗ ਵਿਚ ਸਮਝੌਤੇ ਨੂੰ ਰਸਮੀ ਤੌਰ 'ਤੇ ਅੰਤਿਮ ਰੂਪ ਦੇਣ ਵਿਚ ਕਾਮਯਾਬ ਹੋਵਾਂਗੇ ਤਦ ਮੀਟਿੰਗ ਬੁਲਾਈ ਜਾਵੇਗੀ।

## ਆਇਰਲੈਂਡ ਦੀ ਲੇਖਿਕਾ ਐਨਾ ਬਰਨਸ ਨੂੰ 'ਮੈਨ ਬੁਕਰ' ਇਨਾਮ

ਲੰਡਨ, 18 ਅਕਤੂਬਰ (ਪੋਸਟ ਬਿਊਰੋ)- ਲੇਖਿਕਾ ਐਨਾ ਬਰਨਸ ਨੂੰ ਉਨ੍ਹਾਂ ਦੇ ਨਾਵਲ 'ਮਿਲਕਮੈਨ' ਲਈ 'ਮੈਨ ਬੁਕਰ' ਇਨਾਮ ਦਿੱਤਾ ਗਿਆ ਹੈ। ਉਹ ਉਤਰੀ ਆਇਰਲੈਂਡ ਦੀ ਪਹਿਲੀ ਲੇਖਿਕਾ ਹੈ, ਜਿਨ੍ਹਾਂ ਨੂੰ ਅੰਗਰੇਜ਼ੀ ਭਾਸ਼ਾ ਸਾਹਿਤ ਦੇ ਇਸ ਉਘੇ ਪੁਰਸਕਾਰ ਲਈ ਚੁਣਿਆ ਗਿਆ ਹੈ। ਬੈਲਫਾਸਟ 'ਚ ਜਨਮੀ ਐਨਾ (56) ਮੈਨ ਬੁਕਰ ਪੁਰਸਕਾਰ ਹਾਸਲ ਕਰਨ ਵਾਲੀ 17ਵੀਂ ਔਰਤ ਲੇਖਿਕਾ ਹੈ। ਸਾਲ 2013 ਤੋਂ ਬਾਅਦ ਐਨਾ ਇਹ ਪੁਰਸਕਾਰ ਪਾਉਣ ਵਾਲੀ ਪਹਿਲੀ ਔਰਤ ਹੈ। 'ਮਿਲਕਮੈਨ' ਉਨ੍ਹਾਂ ਦਾ ਤੀਸਰਾ ਨਾਵਲ ਹੈ। ਇਸ ਵਿੱਚ ਉਤਰੀ ਆਇਰਲੈਂਡ 'ਚ ਰਾਜਨੀਤਕ ਉਤਰਾਅ ਚੜ੍ਹਾਅ ਵਿਚਾਲੇ ਇਕ ਔਰਤ ਤੇ ਇਕ ਵਿਆਹੁਤਾ ਵਿਅਕਤੀ ਦੀ ਪ੍ਰੇਮ ਕਹਾਣੀ ਬਿਆਨ ਕੀਤੀ ਗਈ ਹੈ। ਸਾਲ 2018 ਦਾ ਜੇਤੂ ਤੈਅ ਕਰਨ ਵਾਲੀ ਕਮੇਟੀ ਦੇ ਪ੍ਰਧਾਨ ਕਵਾਮੇ ਐਂਥਨੀ ਐਪਿਆ ਨੇ ਕਿਹਾ ਕਿ ਸਾਡੇ 'ਚੋਂ ਕਿਸੇ ਨੇ ਵੀ ਅਜਿਹੀ ਚੀਜ਼ ਪਹਿਲਾਂ ਨਹੀਂ ਪੜ੍ਹੀ। ਐਨਾ ਬਰਨਸ ਦੀ ਬਿਲਕੁਲ ਅਲੱਗ ਆਵਾਜ਼ ਰਿਵਾਇਤੀ ਸੋਚ ਨੂੰ ਚੁਣੌਤੀ ਦਿੰਦੀ ਤੇ ਇਕ ਹੈਰਾਨ ਕਰਨ ਵਾਲੇ ਤੇ ਡੁੱਬ ਜਾਣ ਵਾਲੇ ਗੱਦ ਨੂੰ ਆਕਾਰ ਦਿੰਦੀ ਹੈ।

# ਹੋਟਲ ਵਿੱਚ ਪਿਸਤੌਲ ਵਾਲੇ ਆਸ਼ੀਸ਼ ਪਾਂਡੇ ਦਾ ਦਿੱਲੀ ਵਿੱਚ ਸਰੰਡਰ



ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਫਾਈਵ ਸਟਾਰ ਹੋਟਲ ਹਯਾਤ ਵਿਚ ਇਕ ਨੌਜਵਾਨ ਤੇ ਲੜਕੀ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ੀ ਆਸ਼ੀਸ਼ ਪਾਂਡੇ ਨੇ ਵੀਰਵਾਰ ਨੂੰ ਪਟਿਆਲਾ ਹਾਊਸ ਕੋਰਟ ਵਿਚ ਸਮਰਪਣ ਕਰ ਦਿੱਤਾ। ਅਦਾਲਤ ਨੇ ਉਸ ਨੂੰ ਇਕ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਦਿੱਲੀ ਪੁਲਿਸ ਕਈ ਜਗ੍ਹਾ ਛਾਪੇ ਮਾਰਨ ਦੇ ਬਾਵਜੂਦ ਉਸ ਨੂੰ ਫੜ ਨਹੀਂ ਸਕੀ ਸੀ। ਬੁੱਧਵਾਰ ਨੂੰ ਕੋਰਟ ਨੇ ਉਸ ਦੇ ਖ਼ਿਲਾਫ਼ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤਾ ਸੀ। ਬਸਪਾ ਦੇ ਸਾਬਕਾ ਪਾਰਲੀਮੈਂਟ ਮੈਂਬਰ ਰਾਕੇਸ਼ ਪਾਂਡੇ ਦਾ ਬੇਟਾ ਆਸ਼ੀਸ਼ ਆਤਮ ਸਮਰਪਣ ਲਈ ਸਵੇਰੇ ਪਟਿਆਲਾ ਹਾਊਸ ਕੋਰਟ ਪਹੁੰਚਿਆ ਤੇ ਵਕੀਲ ਦੇ ਰਾਹੀਂ ਅਰਜ਼ੀ ਦਾਖ਼ਲ ਕੀਤੀ। ਕੋਰਟ ਨੇ ਅਰਜ਼ੀ ਮਨਜ਼ੂਰ ਕਰ ਲਈ ਤਾਂ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਚਾਰ ਦਿਨਾਂ ਰਿਮਾਂਡ ਮੰਗ ਲਿਆ, ਪਰ ਕੋਰਟ ਨੇ ਇਕ ਦਿਨ ਦੇ ਰਿਮਾਂਡ ਦੀ ਮਨਜ਼ੂਰੀ ਦਿੱਤੀ ਹੈ।

ਸਰੰਡਰ ਕਰਨ ਤੋਂ ਪਹਿਲਾਂ ਆਸ਼ੀਸ਼ ਪਾਂਡੇ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਜਾਰੀ ਕਰਕੇ ਖ਼ੁਦ ਨੂੰ ਨਿਰਦੋਸ਼ ਦੱਸਿਆ। ਉਸ ਨੇ ਕਿਹਾ ਕਿ ਉਹ ਨਿਆਂ ਪਾਲਿਕਾ ਦਾ ਸਨਮਾਨ ਕਰਦਾ ਹੈ। ਉਸ ਨੂੰ ਇਕ ਵਾਂਟਿਡ ਅੱਤਵਾਦੀ ਦੇ ਰੂਪ ਵਿਚ ਪੇਸ਼ ਕੀਤਾ ਜਾ ਰਿਹਾ ਹੈ, ਜਦ ਕਿ ਉਸਦੇ ਖ਼ਿਲਾਫ਼ ਪੁਲਿਸ ਕੇਸ ਦਾ ਕੋਈ ਇਤਿਹਾਸ ਨਹੀਂ ਹੈ। ਪਿਛਲੇ ਚਾਰ ਦਿਨਾਂ ਤੋਂ ਉਸ ਦਾ ਮੀਡੀਆ ਟਰਾਇਲ ਹੋ ਰਿਹਾ ਹੈ। ਸੀ ਸੀ ਟੀ ਵੀ ਫੁਟੇਜ ਕੱਢ ਕੇ ਵੇਖਿਆ ਜਾਣਾ ਚਾਹੀਦਾ ਹੈ ਕਿ ਉਸ ਰਾਤ ਕੌਣ ਮਹਿਲਾ ਪਖ਼ਾਨੇ ਵਿਚ ਦਾਖ਼ਲ ਹੋਇਆ ਤੇ ਕਿਸ ਨੇ ਕਿਸ ਨੂੰ ਧਮਕੀ ਦਿੱਤੀ। ਜਿਸ ਲੜਕੀ ਨੂੰ ਪੀੜਤ ਦੱਸਿਆ ਗਿਆ ਹੈ, ਉਸ ਨੇ ਮੈਨੂੰ ਧੱਕਾ ਦਿੱਤਾ ਸੀ ਅਤੇ ਹੱਥਾਂ ਨਾਲ ਗ਼ਲਤ ਇਸ਼ਾਰੇ ਕੀਤੇ ਸਨ।

ਆਸ਼ੀਸ਼ ਪਾਂਡੇ ਦੇ ਆਤਮ ਸਮਰਪਣ ਕਰਨ ਦੀ ਗੱਲ ਫੈਲਦੇ ਸਾਰ ਕੋਰਟ ਕੰਪਲੈਕਸ ਵਿਚ ਗਹਿਮਾ ਗਹਿਮੀ ਵਾਲਾ ਮਾਹੌਲ ਬਣ ਗਿਆ ਅਤੇ ਪੁਲਿਸ ਆਸ਼ੀਸ਼ ਨੂੰ ਗ੍ਰਿਫ਼ਤਾਰ ਕਰਨ ਪੁੱਜੀ। ਜਿਸ ਅਦਾਲਤ ਵਿਚ ਆਸ਼ੀਸ਼ ਨੂੰ ਆਤਮ ਸਮਰਪਣ ਕਰਨਾ ਸੀ, ਉਸ ਦੇ ਜੱਜ ਛੁੱਟੀ 'ਤੇ ਸਨ। ਇਸ ਉੱਤੇ ਆਸ਼ੀਸ਼ ਦੇ ਵਕੀਲਾਂ ਨੇ ਕਾਰਜਕਾਰੀ ਅਦਾਲਤ ਨੂੰ ਅਰਜ਼ੀ ਦਾਇਰ ਕੀਤੀ, ਜਿੱਥੋਂ ਉਸ ਨੂੰ ਪੁਲਿਸ ਰਿਮਾਂਡ 'ਤੇ ਭੇਜਿਆ ਗਿਆ। ਪੁਲਿਸ ਉਸ ਦੇ ਕੋਲੋਂ ਪੁੱਛਗਿੱਛ ਕਰ ਰਹੀ ਹੈ। ਇਸ ਦੌਰਾਨ ਪਿਸਤੌਲ ਬਰਾਮਦ ਕੀਤੀ ਜਾਵੇਗੀ।

## ਮੋਬਾਈਲ ਫੋਨ ਕਹਿ ਕੇ ਆਨਲਾਈਨ ਕੰਪਨੀ ਨੇ ਇੱਟ ਭੇਜ ਦਿੱਤੀ

ਔਰੰਗਾਬਾਦ, 18 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਔਰੰਗਾਬਾਦ ਵਿੱਚ ਰਹਿਣ ਵਾਲੇ ਇਕ ਵਿਅਕਤੀ ਨੇ ਇਕ ਆਨਲਾਈਨ ਵਿਕਰੇਤਾ ਕੰਪਨੀ ਵਿਰੁੱਧ ਦਰਜ ਕਰਾਈ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਸ ਨੇ ਮੋਬਾਈਲ ਫੋਨ ਦਾ ਆਰਡਰ ਦਿੱਤਾ ਸੀ, ਪਰ ਉਸ ਨੂੰ ਭੇਜੇ ਗਏ ਪੈਕੇਟ ਵਿੱਚ ਇੱਟ ਮਿਲੀ ਹੈ। ਇਸ ਸ਼ਹਿਰ ਦੇ ਹੁਡਕੋ ਖੇਤਰ ਦੇ ਨਿਵਾਸੀ ਗਜਾਨਨ ਖਰਾਤ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ 9 ਅਕਤੂਬਰ ਨੂੰ ਸ਼ਾਪਿੰਗ ਸਾਈਟ ਦੇ ਜ਼ਰੀਏ ਮੋਬਾਈਲ ਫੋਨ ਖਰੀਦਣਾ ਸੀ, ਇਸ ਲਈ ਉਸ ਨੇ 9134 ਰੁਪਏ ਭੁਗਤਾਨ ਕੀਤਾ ਸੀ। ਇਸ ਦੇ ਬਾਅਦ ਈ-ਕਾਮਰਸ ਕੰਪਨੀ ਤੋਂ ਖਰਾਤ ਨੂੰ ਮੈਸੇਜ ਮਿਲਿਆ, ਜਿਸ ਵਿੱਚ ਕਿਹਾ ਗਿਆ ਕਿ ਉਨ੍ਹਾਂ ਦਾ ਮੋਬਾਈਲ ਫੋਨ ਇਕ ਹਫਤੇ ਦੇ ਅੰਦਰ ਉਨ੍ਹਾਂ ਨੂੰ ਮਿਲ ਜਾਵੇਗਾ। ਗਜਾਨਨ ਖਰਾਤ ਨੂੰ ਪਿਛਲੇ ਐਤਵਾਰ ਨੂੰ ਰਿਟੇਲ ਵਿਕਰੇਤਾ ਤੋਂ ਪੈਕੇਟ ਮਿਲਿਆ, ਪਰ ਉਸ ਨੇ ਜਦ ਖੋਲ੍ਹਿਆ ਤਾਂ ਉਸ ਦੇ ਅੰਦਰੋਂ ਇੱਟ ਦਾ ਟੁਕੜਾ ਮਿਲਿਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਧੋਖਾਧੜੀ ਨਾਲ ਸੰਬੰਧਤ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਭਾਰਤੀ ਰੇਲਵੇ ਨੇ ਬਿਲਾਸਪੁਰ-ਮਨਾਲੀ-ਲੇਹ ਰੇਲ ਲਾਈਨ ਨੂੰ ਕੌਮੀ ਦਰਜਾ ਦੇਣ 'ਤੇ ਜ਼ੋਰ ਦਿੱਤਾ



ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਰੇਲਵੇ ਦੀ ਤਜਵੀਜ਼ ਹੈ ਕਿ ਰਣਨੀਤਕ ਤੌਰ ਉਤੇ ਅਹਿਮ ਭਾਰਤ ਚੀਨ ਸਰਹੱਦ ਦੇ ਨੇੜੇ ਬਿਲਾਸਪੁਰ-ਮਨਾਲੀ-ਲੇਹ ਲਾਈਨ ਨੂੰ ਕੌਮੀ ਪ੍ਰਾਜੈਕਟ ਐਲਾਨਿਆ ਜਾਵੇ। ਇਹ ਦੁਨੀਆ ਭਰ ਦਾ ਸਭ ਤੋਂ ਉਚਾ ਰੇਲ ਮਾਰਗ ਹੋਵੇਗਾ। ਰੇਲਵੇ ਦਾ ਕਹਿਣਾ ਹੈ ਕਿ ਹਿਮਾਚਲ ਪ੍ਰਦੇਸ਼ ਵਿੱਚ ਉਪਸ਼ੀ ਅਤੇ ਲੇਹ ਦੇ ਫੇਹ ਵਿਚਕਾਰ 51 ਕਿਲੋਮੀਟਰ ਲੰਮੀ ਪਟੜੀ ਦੀ ਉਸਾਰੀ ਦਾ ਕੰਮ ਜਲਦੀ ਸ਼ੁਰੂ ਕੀਤਾ ਜਾਵੇਗਾ। ਇਸ ਸੰਬੰਧ ਵਿੱਚ ਉਤਰੀ ਰੇਲਵੇ ਦੇ ਜਨਰਲ ਮੈਨੇਜਰ ਵਿਸ਼ੇਸ਼ ਚੌਬੇ ਨੇ ਕਿਹਾ, 'ਪ੍ਰਾਜੈਕਟ ਦੇ ਸਰਵੇ ਦਾ ਪਹਿਲਾ ਗੇੜ ਮੁਕੰਮਲ ਹੋ ਗਿਆ ਹੈ ਅਤੇ ਮੁੱਢਲੇ ਅਨੁਮਾਨ ਮੁਤਾਬਕ 465 ਕਿਲੋਮੀਟਰ ਲੰਮੇ ਇਸ ਰੇਲ ਮਾਰਗ ਦੀ ਕੁੱਲ ਲਾਗਤ 83,360 ਕਰੋੜ ਰੁਪਏ ਹੋਵੇਗੀ। ਇਹ ਰੇਲਵੇ ਵੱਲੋਂ ਕੀਤਾ ਜਾਣ ਵਾਲਾ ਸਭ ਤੋਂ ਮੁਸ਼ਕਲ ਪ੍ਰਾਜੈਕਟ ਹੈ ਅਤੇ ਰਣਨੀਤਕ ਮਹੱਤਵ ਵਾਲੇ ਪੰਜ ਵੱਡੇ ਪ੍ਰਾਜੈਕਟਾਂ 'ਚੋਂ ਇਕ ਹੈ।' ਉਨ੍ਹਾਂ ਆਖਿਆ, 'ਅਸੀਂ ਸੁਝਾਅ ਦਿੱਤਾ ਹੈ ਕਿ ਇਸ ਨੂੰ ਕੌਮੀ ਪ੍ਰਾਜੈਕਟ ਐਲਾਨਿਆ ਜਾਵੇ, ਕਿਉਂਕਿ ਇਸ ਦੇ ਪੂਰਾ ਹੋਣ ਨਾਲ ਹਥਿਆਰਬੰਦ ਫੌਜਾਂ ਨੂੰ ਮਦਦ ਮਿਲੇਗੀ ਤੇ ਨਾਲ ਹੀ ਸੈਰ ਸਪਾਟੇ ਨੂੰ ਹੁਲਾਰਾ ਮਿਲਣ ਨਾਲ ਇਸ ਖੇਤਰ ਦਾ ਵਿਕਾਸ ਹੋਵੇਗਾ।' ਇਸ ਪ੍ਰਾਜੈਕਟ ਦਾ ਉਚਤਮ ਸੜਕੀ ਨਿਸ਼ਾਨ ਸਮੁੰਦਰੀ ਸਤਹਿ ਤੋਂ 5360 ਮੀਟਰ ਉਚਾ ਹੋਵੇਗਾ। ਇਸ ਤਰ੍ਹਾਂ ਇਹ ਚੀਨ ਦੀ ਕਿੰਘਾਈ ਤਿੱਬਤ ਰੇਲ ਲਾਈਨ ਤੋਂ ਕਿਤੇ ਜ਼ਿਆਦਾ ਉਚਾਈ 'ਤੇ ਹੋਵੇਗਾ ਜਿਸ ਦੀ ਉਚਾਈ ਸਮੁੰਦਰੀ ਸਤਹਿ ਤੋਂ ਕਰੀਬ ਦੋ ਹਜ਼ਾਰ ਮੀਟਰ ਹੈ। ਪਿਛਲੇ ਮਹੀਨੇ ਲੇਹ ਤੋਂ ਲੋਕ ਸਭਾ ਮੈਂਬਰ ਤੁਪਸਤਾਨ ਛੇਂਗਵਾਂਗ ਨੇ ਰੇਲ ਮੰਤਰੀ ਨੂੰ ਪੱਤਰ ਲਿਖ ਕੇ ਇਸ ਨੂੰ ਕੌਮੀ ਦਰਜਾ ਦੇਣ ਦੀ ਮੰਗ ਕੀਤੀ ਸੀ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
- Collision • Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Tol Free: 1-877-799-9878. www.skydomeauto.ca

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

BRAMPTON $89,000
Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000
Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਉਨ ਹਾਊਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900
Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋਂ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਉਨ ਹਾਉਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

"ਮੇਰੀ ਟੀਮ ਅੱਡੀ ਚੋਟੀ ਦਾ ਜ਼ੋਰ ਲਾ ਕੇ ਕੈਂਪੇਨ ਕਰ ਰਹੀ ਹੈ, ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਅਗਰ 22 ਅਕਤੂਬਰ ਨੂੰ ਤੁਸੀਂ ਵੋਟ ਪਾਉਣ ਦੀ ਘੌਲ਼ ਕਰ ਗਏ ਤਾਂ ਫੇਰ ਮੈਨੂੰ ਨਾ ਕਹਿਓ ਕਿ ਜੇ 200 ਕੁ ਵੋਟ ਹੋਰ ਪੈ ਜਾਂਦੀ ਤਾਂ ਤੂੰ ਜਿੱਤ ਜਾਣਾ ਸੀ। ਪਿਛਲੀਆਂ ਚੋਣਾਂ ਵਿੱਚ ਇਸ ਘੌਲ਼ ਨੇ ਸਿਟੀ ਦਾ 500 ਮਿਲੀਅਨ ਡਾਲਰ ਦਾ ਨੁਕਸਾਨ ਕਰਵਾਇਆ, ਐਤਕੀਂ ਇੰਝ ਨਾ ਹੋਵੇ।"

........ਹਰਪ੍ਰੀਤ ਸਿੰਘ ਹੰਸਰਾ

# Harpreet Singh HANSRA

Candidate - City Councillor WARDS 3&4 BRAMPTON

**TAX PAYERS DESERVE BETTER ACCOUNTABILITY FROM THEIR COUNCILLOR**

## What I Want for Brampton:

- More Transit Service
- Crime Reduction
- Job Creation
- No More Private Bailouts
- Keep Taxes Down
- Increased Healthcare





**ELECTION DAY MON. OCT 22ND**

ਡਾਈਵਰਸਿਟੀ ਦਾ ਰਾਗ ਅਲਾਪਣ ਵਾਲੇ ਲੋਕਾਂ ਨੂੰ ਦਿਓ ਸੁਨੇਹਾ!

**ਬਣਾ ਦਿਓ ਡਾਈਵਰਸ ਕੌਂਸਲ**






ਵੋਟ ਪਾਉਣ ਲਈ ਕੋਈ ਵੀ ਜਾਣਕਾਰੀ ਜਾਂ ਰਾਈਡ ਦੀ ਲੋੜ ਹੋਵੇ ਤਾਂ ਸਾਡੇ ਦਫਤਰ ਫੋਨ ਕਰੋ ਜੀ।

647-914-4740

www.harpreethansra.ca

teamhansra@gmail.com

fb.com/harpreethansra



# ਸੰਪਾਦਕੀ

## ਚੋਣਾਂ, ਮੀਡੀਆ ਅਤੇ ਸਦਾਚਾਰ ਦੀ ਗੱਲ

ਚੋਣਾਂ ਦੌਰਾਨ ਅਤੇ ਚੋਣਾਂ ਤੋਂ ਬਾਹਰ ਮੀਡੀਆ ਦਾ ਅਹਿਮ ਰੋਲ ਹੁੰਦਾ ਹੈ। ਇੱਕ ਪਾਸੇ ਕਮਿਉਨਿਟੀ ਉਮੀਦ ਰੱਖਦੀ ਹੈ ਕਿ ਮੀਡੀਆ ਵੱਲੋਂ ਸਹੀ, ਨਿਰਪੱਖ ਅਤੇ ਸਾਵੀਂ ਖ਼ਬਰ ਉਹਨਾਂ ਤੱਕ ਪਹੁੰਚਾਈ ਜਾਵੇ ਤਾਂ ਦੂਜੇ ਪਾਸੇ ਕਮਿਉਨਿਟੀ ਇਹ ਵੀ ਉਮੀਦ ਕਰਦੀ ਹੈ ਕਿ ਮੀਡੀਆ ਉਹਨਾਂ ਨੂੰ ਖਰੇ ਖੋਟੇ ਦੀ ਪਹਿਚਾਣ ਕਰਕੇ ਦੇਵੇ। ਕਿਉਂਕਿ ਪਬਲਿਕ ਕੋਲ ਉਹ ਸਾਧਨ ਨਹੀਂ ਹੋ ਸਕਦੇ ਜੋ ਕਿ ਮੀਡੀਆ ਵਿਅਕਤੀਆਂ ਕੋਲ ਹੁੰਦੇ ਹਨ (ਉਹਨਾਂ ਦਾ ਕਿੱਤਾ ਜੋ ਸਾਧਨ ਵਰਤੇ ਕੇ ਜਾਣਕਾਰੀ ਪ੍ਰਾਪਤ ਕਰਨਾ ਹੋਇਆ), ਇਸ ਵਾਸਤੇ ਲਾਜ਼ਮੀ ਹੈ ਕਿ ਪਬਲਿਕ ਵੱਲੋਂ ਮੀਡੀਆ ਕਰਮੀਆਂ ਤੋਂ ਆਸ ਰੱਖੀ ਜਾਵੇ ਕਿ ਉਹ ਡੂੰਘਾਈ ਵਿੱਚ ਜਾ ਕੇ ਤੱਥਾਂ ਨੂੰ ਸਾਹਮਣੇ ਰੱਖਣ।

ਪਬਲਿਕ ਦੀ ਆਸ ਅਤੇ ਮੀਡੀਆ ਦੀ ਆਪਣੀ ਜੁੰਮੇਵਾਰੀ ਦੇ ਦਰਮਿਆਨ ਇੱਕ ਹੋਰ ਤੱਥ ਹੁੰਦਾ ਹੈ, ਮੀਡੀਆ ਦਾ ਵਿੱਤੀ ਪੱਖ ਭਾਵ ਐਡਵਰਟਾਈਜ਼ਮੈਂਟ ਜਿਸ ਬਦੌਲਤ ਮੀਡੀਆ ਨੇ ਆਪਣਾ ਕਾਰੋਬਾਰ ਚੱਲਦਾ ਰੱਖਣਾ ਹੈ। ਵਿੱਤੀ ਪੱਖ ਛੋਟੇ ਤੋਂ ਲੈ ਕੇ ਵੱਡੇ, ਮੇਨ ਸਟਰੀਮ ਤੋਂ ਲੈ ਕੇ ਐਥਨਿਕ ਮੀਡੀਆ ਤੱਕ ਸਾਰਿਆਂ ਉੱਤੇ ਥੋੜੇ ਬਹੁਤ ਫਰਕ ਨਾਲ ਇੱਕੋ ਜਿਹਾ ਸਹੀ ਢੁੱਕਦਾ ਹੈ।

ਹੋਣ ਜਾ ਰਹੀਆਂ ਮਿਉਂਸੀਪਲ ਚੋਣਾਂ ਦੇ ਦੌਰ ਵਿੱਚ ਵੇਖਣ ਵਿੱਚ ਆ ਰਿਹਾ ਹੈ ਕਿ ਕਈ ਮੀਡੀਆਕਾਰ ਸਿਰਫ਼ ਅਤੇ ਸਿਰਫ਼ ਐਡਵਰਟਾਈਜ਼ਮੈਂਟ ਰਾਹੀਂ ਸਮਾਂ ਖਰੀਦਣ ਵਾਲਿਆਂ ਦੇ ਸੋਹਲੇ ਗਾਉਣ ਨੂੰ ਹੀ ਪੱਤਰਕਾਰੀ ਸਮਝ ਰਹੇ ਹਨ। ਉਹਨਾਂ ਦਾ ਪੂਰੇ ਦਾ ਪੂਰਾ ਜੋਰ ਉਸ ਉਮੀਦਵਾਰ ਦੇ ਗੁਣਗਾਨ ਕਰਨ ਉੱਤੇ ਲੱਗਿਆ ਰਹਿੰਦਾ ਹੈ ਜਿਸਨੇ ਡਾਲਰ ਪੇਸ਼ ਕੀਤੇ ਹੁੰਦੇ ਹਨ। ਕੈਨੇਡਾ ਵਿੱਚ ਚੋਣਾਂ ਸਬੰਧਿਤ ਇਸ਼ਤਿਹਾਰ ਜਾਂ ਐਡਵਰਟਾਈਜ਼ਮੈਂਟ ਨੂੰ ਕੈਨੇਡਾ ਇਲੈਕਸ਼ਨ ਐਕਟ ਅਤੇ ਕੈਨੇਡੀਅਨ ਬਰਾਡਕਾਸਟਿੰਗ ਐਕਟ ਅਤੇ ਕੈਨੇਡੀਅਨ ਰੇਡੀਓ ਟੈਲੀਵੀਜ਼ਨ ਐਂਡ ਟੈਲੀਕਮਿਉਨੀਕੇਸ਼ਨਜ਼ ਕਮਿਸ਼ਨ (CRTC) ਵੱਲੋਂ ਕੰਟਰੋਲ ਕੀਤਾ ਜਾਂਦਾ ਹੈ। ਇਹਨਾਂ ਵੱਲੋਂ ਨਿਰਧਾਰਤ ਨੇਮ ਲਾਜ਼ਮੀ ਬਣਾਉਂਦੇ ਹਨ ਕਿ ਸਿਆਸੀ ਰੰਗਤ ਵਾਲੀ ਐਡਵਰਟਾਈਜ਼ਮੈਂਟ ਨੂੰ ਇੱਕ ਹੱਦ ਤੱਕ ਹੀ ਨਸ਼ਰ ਕੀਤਾ ਜਾ ਸਕਦਾ ਹੈ ਅਤੇ ਇਹ ਸਿਆਸਤਦਾਨਾਂ, ਪਾਰਟੀਆਂ ਜਾਂ ਇਹਨਾਂ ਦੇ ਕਰਤਾਧਰਤਾਵਾਂ (ਅਪਰੇਟਿਵਜ਼) ਕੋਲ ਖੁੱਲ ਹੁੰਦੀ ਹੈ ਕਿ ਉਹ ਕਿਸ ਮੀਡੀਆ ਕੋਲ ਇਸ਼ਤਿਹਾਰ ਦੇਣਾ ਚਾਹੁੰਦੇ ਹਨ। ਕੈਨੇਡਾ ਇਲੈਕਸ਼ਨ ਐਕਟ ਦੀ ਧਾਰਾ 325 ਸਪੱਸ਼ਟ ਹੈ ਕਿ ‘ਕਿਸੇ ਅਥਾਰਟੀ ਵਾਲੇ ਵਿਅਕਤੀ’ ਤੋਂ ਇਲਾਵਾ ਹੋਰ ਕੋਈ ਵੀ ਵਿਅਕਤੀ ਜਾਂ ਅਦਾਰਾ ਚੋਣ ਸਬੰਧੀ ਐਡਵਰਟਾਈਜ਼ਮੈਂਟ ਨੂੰ ਰੋਕ ਨਹੀਂ ਸਕਦਾ। ਇੱਥੇ ਅਥਾਰਟੀ ਵਾਲੇ ਵਿਅਕਤੀ ਤੋਂ ਭਾਵ ਚੋਣ ਅਫ਼ਸਰ ਜਾਂ ਅਦਾਲਤ ਦੇ ਜੱਜ ਤੋਂ ਹੈ ਨਾ ਕਿ ਬਰਾਡਕਾਸਟਰ ਤੋਂ।

ਬੀਤੇ ਦਿਨੀਂ ਪੰਜਾਬੀ ਪੋਸਟ ਅਤੇ ਰੇਡੀਓ ਖਬਰਸਾਰ ਨੂੰ ਇੱਕ ਪ੍ਰਭਾਵਸ਼ਾਲੀ ਮੇਅਰਲ ਉਮੀਦਵਾਰ ਨੇ ਚੋਣ ਐਡਵਰਟਾਈਜ਼ਮੈਂਟ ਦਾ ਆਰਡਰ ਭੇਜਿਆ। ਦੂਜੇ ਪਲ ਹੀ ਇਸ ਉਮੀਦਵਾਰ ਨੇ ਫੋਨ ਰਾਹੀਂ ਮੈਸੇਜ ਕਰ ਕੇ ਇਤਰਾਜ਼ ਕੀਤਾ ਕਿ ਜੇ ਮੈਂ ਐਡਵਰਟਾਈਜ਼ਮੈਂਟ ਦੇ ਰਿਹਾ ਹਾਂ ਤਾਂ ਤੁਹਾਡੇ ਵੱਲੋਂ ਕਿਸੇ ਹੋਰ ਉਮੀਦਵਾਰ ਬਾਰੇ ਤੁਸੀਂ ਖ਼ਬਰ ਕਿਉਂ ਛਾਪੀ ਜਾਵੇ। ਸ਼ਾਇਦ ਉਸਦੀ ਤਮੰਨਾ ਸੀ ਕਿ ਹੁਣ ਤੁਸੀਂ ਮੇਰੇ ਤੋਂ ਇਲਾਵਾ ਕਿਸੇ ਹੋਰ ਉਮੀਦਵਾਰ ਬਾਰੇ ਆਪਣੀ ਜੁਬਾਨ ਨਹੀਂ ਖੋਲ ਸਕਦੇ। ਸਾਡੇ ਲਈ ਇਹ ਧਮਕੀ ਕਬੂਲ ਨਹੀਂ ਸੀ ਅਤੇ ਨਾ ਹੀ ਅਸੀਂ ਕੀਤੀ। ਇਸ ਕਿਸਮ ਦੀ ਧਮਕੀ ਥੱਲੇ ਕਈ ਮੀਡੀਆ ਵਾਲੇ ਆ ਵੀ ਜਾਂਦੇ ਹਨ ਪਰ ਇਸ ਨਾਲ ਕਮਿਉਨਿਟੀ ਨੂੰ ਸਹੀ ਜਾਣਕਾਰੀ ਮਿਲਣ ਦਾ ਰਾਹ ਬੰਦ ਹੋ ਜਾਂਦਾ ਹੈ ਅਤੇ ਪੱਤਰਕਾਰੀ ਦਾ ਸਦਾਚਾਰ ਖੰਭ ਲਾ ਕੇ ਉੱਡ ਜਾਂਦਾ ਹੈ। ਐਡਵਰਟਾਈਜ਼ਮੈਂਟ ਆਪਣੀ ਥਾਂ ਹੈ ਅਤੇ ਸਿਆਸੀ ਪੱਤਰਕਾਰੀ ਦੇ ਨੇਮ ਆਪਣੀ ਥਾਂ। ਦੋਵਾਂ ਨੂੰ ਇੱਕ ਦੂਜੇ ਨਾਲ ਰਲਗੱਡ ਕਰਕੇ ਨਹੀਂ ਵੇਖਿਆ ਜਾ ਸਕਦਾ।

ਸਦਾਚਾਰ ਅਤੇ ਨਿਰੱਪਖਤਾ ਦੀ ਗੱਲ ਕਰਦੇ ਹੋਏ ਸਾਨੂੰ ਮੀਡੀਆ ਵੱਲੋਂ ਕਿਸੇ ਸਿਆਸੀ ਪਾਰਟੀ ਜਾਂ ਉਮੀਦਵਾਰ ਨੂੰ ਤਸਦੀਕ (endorse) ਕੀਤੇ ਜਾਣ ਦੇ ਸਿਧਾਂਤ ਬਾਰੇ ਗੱਲ ਕਰਨੀ ਲਾਜ਼ਮੀ ਹੋਵੇਗੀ। ਤਸਦੀਕ ਕੀਤੇ ਜਾਣ ਦਾ ਅਰਥ ਹੈ ਕਿ ਇੱਕ ਵਿਸ਼ੇਸ਼ ਮੀਡੀਆ ਗਰੁੱਪ ਨੇ ਕਿਸੇ ਵਿਸ਼ੇਸ਼ ਸਿਆਸੀ ਧਿਰ ਜਾਂ ਉਮੀਦਵਾਰ ਦੇ ਗੁਣ ਅਵਗੁਣ ਵਿਚਾਰ ਕਰਨ ਤੋਂ ਬਾਅਦ ਆਪਣਾ ਪੱਖ ਲੋਕਾਂ ਸਾਹਮਣੇ ਰੱਖ ਦਿੱਤਾ ਹੈ। ਮਿਸਾਲ ਵਜੋਂ ਕੱਲ ਟੋਰਾਂਟੋ ਸਟਾਰ ਵੱਲੋਂ ਬਰੈਂਪਟਨ ਮੇਅਰ ਲਈ ਲਿੰਡਾ ਜੈਫਰੀ ਨੂੰ ਤਸਦੀਕ ਕੀਤਾ ਗਿਆ ਹੈ। ਮੀਡੀਆ ਵੱਲੋਂ ਸਿਆਸੀ ਪਾਰਟੀਆਂ ਜਾਂ ਉਮੀਦਵਾਰਾਂ ਨੂੰ ਤਸਦੀਕ ਕਰਨ ਦੀ ਰਿਵਾਇਤ ਕਾਫੀ ਪੁਰਾਣੀ ਅਤੇ ਕੁੱਝ ਸਿਧਾਂਤਾਂ ਉੱਤੇ ਟਿਕੀ ਹੋਈ ਹੈ। ਕਿਸੇ ਹੋਰ ਮੀਡੀਆ ਵੱਲੋਂ ਕਿਸੇ ਉਮੀਦਵਾਰ ਨੂੰ ਤਸਦੀਕ ਕਰਨ ਦਾ ਅਰਥ ਬਾਕੀ ਦੇ ਉਮੀਦਵਾਰਾਂ ਦੀਆਂ ਐਡਾਂ ਜਾਂ ਖ਼ਬਰਾਂ ਬੰਦ ਕਰਨਾ ਨਹੀਂ ਹੈ। ਇਹ ਗੱਲ ਦਾਅਵੇ ਨਾਲ ਆਖੀ ਜਾ ਸਕਦੀ ਹੈ ਕਿ ਬਹੁਤ ਸਾਰੇ ਅਜਿਹੇ ਉਮੀਦਵਾਰ ਹਨ ਜਿਹਨਾਂ ਨੇ ਪੰਜਾਬੀ ਪੋਸਟ ਜਾਂ ਰੇਡੀਓ ਖ਼ਬਰਸਾਰ ਨਾਲ ਜ਼ੀਰੋ ਡਾਲਰ ਐਡਵਰਟਾਈਜ਼ਮੈਂਟ ਦਾ ਸਬੰਧ ਰੱਖਿਆ ਹੈ ਪਰ ਅਸੀਂ ਉਹਨਾਂ ਨੂੰ ਪ੍ਰਿੰਟ ਅਤੇ ਰੇਡੀਓ ਉੱਤੇ ਬਣਦਾ ਸਥਾਨ ਦਿੱਤਾ ਹੈ। ਇੱਕਲੇ ਅਸੀਂ ਨਹੀਂ ਸਗੋਂ ਬਹੁਤ ਸਾਰੇ ਮੀਡੀਆਕਾਰ ਇਸ ਸਿਧਾਂਤ ਉੱਤੇ ਪਹਿਰਾ ਦੇ ਰਹੇ ਹਨ।

## ਤਾਂਸ਼ ਦੇ ਮੁਕਾਬਲੇ 3 ਨਵੰਬਰ ਨੂੰ

ਤਾਂਸ਼ (ਸਵੀਪ ) ਦੇ ਮੁਕਾਬਲੇ ਕਰਵਾਉਣ ਲਈ ਤਾਂਸ਼ ਟੂਰਨਾਂਮੈਂਟ ਦੇ ਪਰਬੰਧਕਾਂ ਵਲੌਂ ਜਾਣਕਾਰੀ ਦਿਤੀ ਗਈ ਕਿ 3 ਨਵੰਬਰ 2018 ਸ਼ਨਿਚਰਵਾਰ ਨੂੰ 2250 bovaired drive brampton ( bovaired and sunny meadow corner ) ਵਿਖ਼ੇ ਸਵੀਪ ਦੇ ਮੈਚ ਕਰਵਾਏ ਜਾਣਗੇ । ਐਂਟਰੀਆਂ 11.00 ਤੋਂ 11.30 ਵਜੇ ਤਕ ਹੋਣਗੀਆਂ ਅਤੇ ਸਹੀ 12 ਵਜੇ ਮੈਚ ਸ਼ੁਰੂ ਹੋ ਜਾਣਗੇ । ਐਟਰੀ ਫੀਸ 10 ਡਾਲਰ ਹੋਵੇਗੀ । ਚਾਹ ਪਾਣੀ ਦਾ ਪੂਰਾ ਪ੍ਰਬੰਧ ਹੋਵੇਗਾ ਅਤੇ ਜੇਤੂ ਖਿਡਾਰੀਆਂ ਨੂੰ ਨਕਦ ਇਨਾਮ ਦਿਤੇ ਜਾਣਗੇ। ਸਵੀਪ ਦੇ ਸਾਰੇ ਖਿਡਾਰੀਆਂ ਨੂੰ ਮੁਕਾਬਲਿਆਂ ਵਿਚ ਭਾਗ ਲੈਣ ਲਈ ਖੁਲਾ ਸਦਾ ਦਿਤਾ ਜਾਂਦਾ ਹੈ ਜੀ । ਇਸ ਸਬੰਧ ਵਿਚ ਹੋਰ ਜਾਣਕਾਰੀ ਲਈ ਤਰਸੇਮ ਸਿੰਘ ਜੋਹਲ ( 647 766 1477 ) ਅਤੇ ਦੀਪਾ (647 702 6697 ) ਨਾਲ ਸੰਪਰਕ ਕੀਤਾ ਜਾ ਸਕਦਾ ਹੈ । ਸਮੇਂ ਦੇ ਪਾਬੰਦ ਰਹਿਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

**WAREHOUSE ORDER PICKER/SHIPPER/RECIEVER (PART TIME/FULL TIME)**
(For a Food distribution company)

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, Organize warehouse space, Pick and load orders quickly and accurately and other duties as required.

**Requirements:**


- Experience of 2-3 yrs. in food wholesale/distribution warehouse
- Capable of lifting up to 50lbs.
- Able to speak English
- Shift time from 3pm to 11pm on week days
- Hourly rate of $16 to $17 depending upon experience

**Please send your resumes** by email at siva@srimi.com or by fax at +1 647-351-7157 or call Ram at +1 647-831-9149 (Morning) or Siva at +1 416-666-8525 (Evening).



PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648



Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਹੈਲਮਟ ਦੀ ਛੋਟ ਵਾਲਾ ਕਾਨੂੰਨ ਪਾਸ, ਓਂਟਾਰੀਓ ਦੀਆਂ ਸੜਕਾਂ ’ਤੇ ਦਸਤਾਰਧਾਰੀ ਸਿੱਖਾਂ ਦੇ ਚੱਲੇ ਮੋਟਰਸਾਈਕਲ

...ਪੰਨਾ 1 ਦਾ ਬਾਕੀ

ਕੈਨੇਡਾ ਦੇ ਡਿਫੈਂਸ ਮਿਨਿਸਟਰ ਦਾ ਦਸਤਾਰਧਾਰੀ ਹੋਣਾ ਤੇ ਕੈਨੇਡਾ ਦੀ ਨੈਸ਼ਨਲ ਪਾਰਟੀ ਐਨਡੀਪੀ ਦੇ ਆਗੂ ਜਗਮੀਤ ਸਿੰਘ ਦਾ ਦਾਸਤਾਰਧਾਰੀ ਹੋਣਾ ਇਹ ਦਰਸਾਉਦਾ ਹੈ ਕਿ ਕੈਨੇਡਾ ਅੰਦਰ ਦਸਤਾਰ ਦਾ ਆਪਣਾ ਇਤਿਹਾਸ ਦੇ ਆਪਣੀ ਪਹਿਚਾਣ ਹੈ। ਬਰੈਂਪਟਨ ਵੈਸਟ ਤੋਂ ਅਮਰਜੋਤ ਸੰਧੂ ਨੇ ਪਹਿਲੀ ਤੇ ਦੂਜੀ ਸੰਸਾਰ ਜੰਗ ’ਚ ਦਸਤਾਰ ਸਮੇਤ ਸਿੱਖਾਂ ਵਲੋਂ ਲੜੀਆਂ ਲੜਾਈਆ ਦਾ ਵੇਰਵਾ ਵੀ ਦਿੱਤਾ ਤੇ ਪ੍ਰਭਮੀਤ ਸਰਕਾਰੀਆ ਦੇ ਬਿਲ ਦੀ ਪੂਰਨ ਹਿਮਾਇਤ ਕੀਤੀ। ਇਸੇ ਤਰ੍ਹਾਂ ਹੀ ਮਿਸੀਸਾਗਾ ਮਾਲਟਨ ਤੇ ਮਿਸੀਸਾਗਾ ਸਟ੍ਰੀਟਸਵੈਲ ਤੋਂ ਐਮਪੀਪੀ ਨੇ ਵੀ ਆਪਣੇ ਵਿਚਾਰ ਰੱਖੇ। ਪ੍ਰਭਮੀਤ ਸਰਕਾਰੀਆ ਵਲੋਂ ਪੇਸ਼ ਕੀਤੇ ਇਸ ਬਿਲ ਨੂੰ ਜਦੋਂ ਸਰਵਸੰਮਤੀ ਨਾਲ ਪ੍ਰਵਾਨਗੀ ਮਿਲ ਗਈ ਤਾਂ ਫੇਰ ਟਰਾਂਸਪੋਰਟ ਮਿਨਿਸਟਰ ਵਲੋਂ ਰੈਗੂਲੇਸ਼ਨ ਪੇਸ਼ ਕਰਕੇ ਹਾਈਵੇ ਟ੍ਰੈਫਿਕ ਇਕ ਵਿਚ ਅਮੈਂਡਮੈਂਟ ਕਰ ਦਿੱਤੀ ਗਈ। ਕੱਲ ਓਂਟਾਰੀਓ ਦੀ ਪਾਰਲੀਮੈਂਟ ਦੀਆਂ ਤਿੰਨ ਗੈਲਰੀਆਂ ਸਿੱਖਾਂ ਨਾਲ ਭਰੀਆਂ ਹੋਈਆਂ ਸਨ ਤੇ ਸਭ ਦੇ ਚਿਹਰਿਆਂ ’ਤੇ ਖੁਸ਼ੀ ਛਾਈ ਹੋਈ ਸੀ। ਕੱਲ੍ਹ ਸ਼ਾਮੀ ਸਿੱਖ ਮੋਟਰਸਾਈਕਲ ਕਲੱਬ ਦੇ ਕਈ ਮੈਬਰਾਂ ਵਲੋਂ ਇਸ ਜਿੱਤ ਦੀ ਖੁਸ਼ੀ ’ਚ ਦਸਤਾਰ ਪਹਿਨ ਕੇ ਓਂਟਾਰੀਓ ਦੀਆਂ ਸੜਕਾਂ ’ਤੇ ਖੂਬ ਮੋਟਰਸਾਈਕਲ ਚਲਾਏ ਗਏ। ਸਿੱਖ ਮੋਟਰਸਾਈਕਲ ਕਲੱਬ ਦੇ ਪ੍ਰਧਾਨ ਇੰਦਰਜੀਤ ਸਿੰਘ ਜਗਰਾਓਂ ਨੇ ਸਿੱਖ ਜਗਤ ਨੂੰ ਇਸ ਦੀ ਵਧਾਈ ਦਿੱਤੀ ਤੇ ਓਂਟਾਰੀਓ ਦੇ ਸਿੱਖ ਮੋਟਰਸਾਈਕਲ ਚਾਲਕਾਂ ਨੂੰ ਅਪੀਲ ਕੀਤੀ ਕਿ ਕੇਸਕੀ ਜਾਂ ਪਟਕਾ ਬੰਨ੍ਹ ਕੇ ਮੋਟਰਸਾਈਕਲ ਨਾ ਚਲਾਇਆ ਜਾਵੇ ਤੇ ਤੁਹਾਡੀ ਦਸਤਾਰ ਘੱਟੋ-ਘੱਟ 5 ਮੀਟਰ ਲੰਬਾਈ ਦੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਓਂਟਾਰੀਓ ਨੇ ਜਿਥੇ ਸਾਨੂੰ ਇਹ ਮਾਣ ਦਿੱਤਾ ਹੈ, ਸਾਡਾ ਫਰਜ ਬਣਦਾ ਹੈ ਕਿ ਰੂਲਜ਼ ਨੂੰ ਫਾਲੋ ਕਰਦੇ ਹੋਏ ਹੁੱਲੜਬਾਜ਼ੀ ਤੋਂ ਹਟ ਕੇ ਵਧੀਆ ਸ਼ਹਿਰੀ ਹੋਣ ਦੇ ਸਬੂਤ ਦੇਈਏ। ਸਿੱਖ ਮੋਟਰਸਾਈਕਲ ਕਲੱਬ ਤੋਂ ਸ: ਰਾਮਪਾਲ ਸਿੰਘ ਢਿੱਲੋਂ ਨੇ ਸਾਡੇ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਲੜਾਈ ਨੂੰ ਜਿਸ ਢੰਗ ਨਾਲ ਜਿੱਤਿਆ ਗਿਆ ਹੈ, ਉਸ ਨੇ ਸਾਨੂੰ ਬਹੁਤ ਕੁੱਝ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਗੱਲ ਆਖਰ ਨੂੰ ਟੇਬਲ ’ਤੇ ਬੈਠ ਕੇ ਹੀ ਨਿਪਟਦੀ ਹੈ। ਉਨ੍ਹਾਂ ਡੱਗ ਫੋਰਡ ਤੇ ਪੀਸੀ ਸਰਕਾਰ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਇਨ੍ਹਾਂ ਨੇ ਵਾਅਦਾ ਕੀਤਾ ਤੇ ਵਾਅਦਾ ਨਿਭਾਇਆ।

## ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਚਾਨਕ ਅਸਤੀਫਾ ਦਿੱਤਾ

...ਪੰਨਾ 1 ਦਾ ਬਾਕੀ

ਇਸ ਤੋਂ ਇਹ ਕਦਾਚਿਤ ਨਹੀਂ ਸੀ ਲਗਦਾ ਕਿ ਉਹ ਛੇਤੀ ਹੀ ਅਸਤੀਫ਼ਾ ਦੇਣ ਵਾਲੇ ਹਨ। ਦੂਜੀ ਗੱਲ ਉਸ ਬਿਆਨ ਵਿਚ ਜਿਸ ਤਰ੍ਹਾਂ ਬਰਗਾੜੀ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਨਾ ਫੜਨ ਲਈ ਸਰਕਾਰਾਂ ਦੀ ਨੁਕਤਾਚੀਨੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਸਮੁੱਚੇ ਪੰਥ ਨੂੰ ਇਕੱਠਾ ਹੋਣ ਦਾ ਸੱਦਾ ਦਿੱਤਾ ਗਿਆ ਸੀ , ਇਹ ਨੁਕਤਾ ਵੀ ਗੁੱਝੇ ਸਵਾਲ ਖੜ੍ਹੇ ਕਰਦਾ ਹੈ .
ਜੇਕਰ ਸਿੱਖ ਫੈਡਰੇਸ਼ਨ ਦੇ ਮੁਖੀ ਕਰਨੈਲ ਸਿੰਘ ਪੀਰ ਮੁਹੰਮਦ ਦੀ ਮੰਨੀਏ ਤਾਂ ਉਨ੍ਹਾਂ ਦਾ ਸਾਫ਼ ਕਹਿਣਾ ਹੈ "ਜਥੇਦਾਰ ਨੂੰ ਪਹਿਲੀ ਨਵੰਬਰ ਦੇ ਬੰਦ ਦੇ ਸੱਦੇ ਦੀ ਹਿਮਾਇਤ ਮਹਿੰਗੀ ਪਈ। ਉਨ੍ਹਾਂ ਕਿਹਾ :
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਅਤੇ ਫੈਡਰੇਸ਼ਨ (ਭੌਮਾ) ਦੇ ਪ੍ਰਧਾਨ ਡਾਕਟਰ ਮਨਜੀਤ ਸਿੰਘ ਭੌਮਾ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦੀ ਪੂਰਨ ਹਮਾਇਤ ਕਰਨੀ ਜਥੇਦਾਰ ਨੂੰ ਮਹਿੰਗੀ ਪਈ ਪੰਜਾਬ ਬੰਦ ਦੇ ਸੱਦੇ ਵਿੱਚ ਮੁੱਖ ਮੰਗਾ ਵਿੱਚ ਬਹਿਬਲ- ਬਰਗਾੜੀ ਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਵੀ ਸ਼ਾਮਲ ਹੈ ਜਿਸ ਦਾ ਜਥੇਦਾਰ ਨੇ ਆਪਣੇ ਬਿਆਨ ਵਿੱਚ ਹਵਾਲਾ ਵੀ ਦਿੱਤਾ ਸੀ ਹੋ ਸਕਦਾ ਅਜੇ ਕੁਝ ਦਿਨ ਉਹਨਾ ਦਾ ਅਸਤੀਫ਼ਾ ਨਾ ਹੁੰਦਾ ਅੱਜ ਦੁਪਹਿਰ 2 ਵਜੇ ਜਥੇਦਾਰ ਸਾਹਿਬ ਨੇ ਪਹਿਲਾ ਪੰਜਾਬ ਬੰਦ ਦੀ ਹਮਾਇਤ ਵਿੱਚ ਪ੍ਰੈੱਸ ਕਾਨਫ਼ਰੰਸ ਬੁਲਾਈ ਸੀ ਜਦ ਅਕਾਲੀ ਹਲਕਿਆਂ ਨੂੰ ਪਤਾ ਲੱਗਿਆ ਕਿ ਜਥੇਦਾਰ ਬੰਦ ਦੀ ਹਮਾਇਤ ਕਰ ਰਹੇ ਹਨ ਤਾ ਉਹਨਾ ਨੇ ਕਿਹਾ ਕਿ ਮੈ ਨਵੰਬਰ 1984 ਸਿੱਖ ਨਸਲਕੁਸ਼ੀ ਵਿਰੁੱਧ ਦਿੱਤੇ ਬੰਦ ਦੇ ਸੱਦੇ ਦੀ ਪੂਰਨ ਹਮਾਇਤ ਕਰ ਰਿਹਾ ਪਰ ਉਹਨਾ ਨੂੰ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਇੱਕ ਸਕੱਤਰ ਨੇ ਇਸ ਸਬੰਧੀ ਪ੍ਰੈੱਸ ਕਾਨਫ਼ਰੰਸ ਨਾ ਕਰਨ ਲਈ ਮਜਬੂਰ ਕੀਤਾ ਪਰ ਜਥੇ ਗੁਰਬਚਨ ਸਿੰਘ ਉਸ ਵਕਤ ਤੱਕ ਆਪਣੇ ਮੀਡੀਆ ਸਕੱਤਰ ਸਤਿੰਦਰਪਾਲ ਸਿੰਘ ਰਾਹੀ ਕਈ ਅਖ਼ਬਾਰਾਂ ਨੂੰ ਹਮਾਇਤ ਵਾਲਾ ਬਿਆਨ ਜਾਰੀ ਕਰ ਚੁੱਕੇ ਸਨ । ਵੈਸੇ ਅਸਤੀਫ਼ੇ ਲਈ ਉਹਨਾ ਦੇ ਅੰਦਰੂਨੀ ਤੇ ਬਾਹਰੀ ਮਾਨਸਿਕ ਤੇ ਰਾਜਸੀ ਪ੍ਰਭਾਵ ਸੀ।

## ਪੱਤਰਕਾਰ ਖਸ਼ੋਗੀ ਦੀ ਗੁੰਮਸ਼ੁਦਗੀ ਕਾਰਨ ਸਾਊਦੀ ਕਾਨਫਰੰਸ ਤੋਂ ਕਈ ਦੇਸ਼ ਲਾਂਭੇ ਹੋ ਗਏ

ਪੈਰਿਸ, 18 ਅਕਤੂਬਰ, (ਪੋਸਟ ਬਿਊਰੋ)- ਅਰਥਚਾਰੇ ਬਾਰੇ ਫਰਾਂਸ ਦੇ ਮੰਤਰੀ ਬਰੂਨੋ ਲੀ ਮਾਯਰ ਨੇ ਪੱਤਰਕਾਰ ਜਮਾਲ ਖਸ਼ੋਗੀ ਦੀ ਗਾਇਬ ਹੋਣ ਕਰਕੇ ਸਾਊਦੀ ਅਰਬ ਵਿੱਚ ਹੋ ਰਹੀ ਨਿਵੇਸ਼ ਕਾਨਫਰੰਸ ਵਿੱਚ ਨਾ ਜਾਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਹਾਲਾਤ ਦੇ ਕਾਰਨ ਉਹ ਅਗਲੇ ਹਫ਼ਤੇ ਰਿਆਧ ਨਹੀਂ ਜਾਣਗੇ। ਇਸ ਦੌਰਾਨ ਹਾਲੈਂਡ ਦੇ ਵਿੱਤ ਮੰਤਰੀ ਸਟੇਫ ਬਲੋਕ ਤੇ ਬ੍ਰਿਟੇਨ ਦੇ ਵਪਾਰ ਮੰਤਰੀ ਲਿਆਮ ਫੌਕਸ ਨੇ ਵੀ ਸਾਊਦੀ ਅਰਬ ਵਿੱਚ ਹੋ ਰਹੀ ਇਸ ਕਾਨਫਰੰਸ ਤੋਂ ਮੂੰਹ ਫੇਰ ਲਿਆ ਹੈ। ਆਈ ਐਮ ਐਫ ਦੀ ਮੁਖੀ ਕ੍ਰਿਸਟੀਨ ਲਗਾਰਡ ਨੇ ਬਿਨਾਂ ਕੋਈ ਕਾਰਨ ਦੱਸੇ ਇਸ ਬੈਠਕ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਕਈ ਪੱਛਮੀ ਕਾਰੋਬਾਰੀਆਂ ਨੇ ਵੀ ਇਸ ਕਾਨਫਰੰਸ ’ਚ ਨਾ ਜਾਣ ਦਾ ਐਲਾਨ ਕੀਤਾ ਹੈ। ਦੂਸਰੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਤੋਂ ਪੱਤਰਕਾਰ ਜਮਾਲ ਖਾਸ਼ੋਗੀ ਦੇ ਗਾਇਬ ਹੋਣ ਦੀ ਰਿਪੋਰਟ ਦੇ ਨਾਲ ਤੁਰਕੀ ਤੋਂ ਖਸ਼ੋਗੀ ਦੀ ਹੱਤਿਆ ਦੀ ਆਡੀਓ ਰਿਕਾਰਡਿੰਗ ਮੰਗ ਲਈ ਹੈ। ਵਰਨਣ ਯੋਗ ਹੈ ਕਿ ਤੁਰਕੀ ਦੇ ਇਕ ਅਖ਼ਬਾਰ ਨੇ ਸੁਲਤਾਨ ਮੁਹੰਮਦ ਬਿਨ ਸਲਮਾਨ ਨਾਲ ਅਮਰੀਕਾ ਆਏ ਵਿਅਕਤੀ ਨੂੰ ਸਾਊਦੀ ਕੌਂਸਲਖਾਨੇ ਵਿੱਚ ਦਾਖ਼ਲ ਹੁੰਦਿਆਂ ਦੀਆਂ ਤਸਵੀਰਾਂ ਛਾਪੀਆਂ ਹਨ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia, Gyan Singh, Angrej Singh
Office Admin Assistant - Priya Sodhi
Marketing Executives - HS Nagpal, Gurpreet Singh Pall
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਗ਼ਜ਼ਲ

ਅਦਾਵਤ ਹੀ ਅਦਾਵਤ ਹੈ ਸ਼ਰਾਫਤ ਹੈ ਨਹੀਂ ਕੋਈ .
ਕਿ ਨਫ਼ਰਤ ਤਾਂ ਰਹੀ ਨਫ਼ਰਤ ਮੁਹੱਬਤ ਹੈ ਨਹੀਂ ਕੋਈ .

ਲੱਗਣ ਹੋਏ ਧੁੱਪਾਂ ਅੰਦਰ ਤੇਰੇ ਇਹ ਵਾਲ ਨੇ ਚਿੱਟੇ,
ਉਮਰ ਹੀ ਹੈ ਨਹੀਂ ਕੁਝ ਹੋਰ ਸਿਆਣਪ ਹੈ ਨਹੀਂ ਕੋਈ .

ਕਿਵੇਂ ਕਰਨਾ ਹੁੰਦਾ ਆਦਰ ਕਿਸੇ ਨੇ ਵੀ ਸਿਖਾਇਆ ਨਾ ,
ਤੇਰੇ ਵਿਚ ਤਾਂ ਜਵਾਨਾ ਵੇ ਲਿਆਕਤ ਹੈ ਨਹੀਂ ਕੋਈ .

ਗਵਾਂਢੀ ਮੁਲਕ ਦਾ ਕੰਮ ਇਹ ਜਦੋਂ ਆਖੇਂ ਇਹੀ ਆਖੇਂ ,
ਕਿਵੇਂ ਆਖਾਂ ਭਲਾ ਹੁਣ ਮੈਂ ਸਿਆਸਤ ਹੈ ਨਹੀਂ ਕੋਈ .

ਕਰੀ ਕੁਝ ਤਾਂ ਰਹਿਮ ਹੁਣ ਜੀ ਜ਼ਰਾ ਛੱਡ ਐਸ਼ ਪਰਸਤੀ ਨੂੰ
ਹੈ ਜਨਤਕ ਸਭ ਤੁਹਾਡੀ ਤਾਂ ਇਹ ਰਿਆਸਤ ਹੈ ਨਹੀਂ ਕੋਈ

ਹਲੇ ਵੀ ਉਹ ਰਹੇ ਘਲਦਾ ਸੁਨੇਹੇ ਹੀ ਮੇਰੇ ਨਾ ਤੇ
ਕਿਵੇਂ ਆਖਾਂ ਰਹੀ ਉਸਨੂੰ ਹੀ ਉਲਫ਼ਤ ਹੈ ਨਹੀਂ ਕੋਈ .

ਜ਼ਰਾ ਬਚਕੇ ਰਹੀਂ ਸੁਣ ਤੂੰ ਦਿਲਾਂ ਦੇ ਇਸ ਝਮੇਲੇ ਤੋਂ
ਸਜ਼ਾ ਨੈਣਾਂ ਦੇ ਖੇਲੇ ਦੀ ਜ਼ਮਾਨਤ ਹੈ ਨਹੀਂ ਕੋਈ .

ਬਦਲਣਾ ਹੈ ਤੇਰੇ ਸਚ ਨੂੰ ਸਿਰੇ ਦੇ ਝੂਠ ਦੇ ਅੰਦਰ,
ਜੋ ਜਿੱਤ ਜਾਵੇ ਮੇਰੇ ਕੋਲੋਂ ਵਕਾਲਤ ਹੈ ਨਹੀਂ ਕੋਈ .


ਹਰਦੀਪ ਬਿਰਦੀ
9041600900

## ਪੰਜਾਬੀ ਰੇਡੀਓ 'ਸਾਡੇ ਆਲਾ' ਨੇ ਮਨਾਈ ਪਹਿਲੀ ਵਰ੍ਹੇਗੰਢ



### * ਰੇਡੀਓ ਦਾ 100% ਹਿੱਸਾ ਉਪਕਾਰੀ ਕਾਰਜਾਂ ਵਾਸਤੇ ਰਹੇਗਾ ਰਾਖਵਾਂ *ਪੰਜਾਬੀ ਸੱਥ ਦੇ ਬਜ਼ੁਰਗ ਬੁਲਾਰਿਆਂ ਕੋਲੋਂ ਮੈਨੇਜਮੈਂਟ ਨੇ ਕਟਾਇਆ ਪਹਿਲਾ ਕੇਕ

ਆਕਲੈਂਡ, 18 ਅਕਤੂਬਰ (ਹਰਜਿੰਦਰ ਸਿੰਘ ਬਸਿਆਲਾ)- ਪਿਛਲੇ ਸਾਲ ਨਿਊਜ਼ੀਲੈਂਡ ਦੇ ਵਿਚ 24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ 'ਸਾਡੇ ਵਾਲਾ' (87.8 ਐਫ. ਐਮ.) ਮਲਕੜੇ ਜਿਹੇ ਆਵਾਜ ਦੀਆਂ ਤਰੰਗਾ ਲੈ ਕੇ ਪੰਜਾਬੀ ਬੋਲੀ ਦੇ ਪਸਾਰ ਲਈ ਸ਼ੁਰੂ ਹੋਇਆ ਸੀ, ਪਰ ਸਫ਼ਰ ਐਨਾ ਸੁਹਾਨਾ ਸਾਬਿਤ ਹੋਇਆ ਕਿ ਅੱਜ ਇਸਨੇ ਦੂਸਰੇ ਸਾਲ ਦੇ ਸਫ਼ਰ 'ਤੇ ਆਪਣੇ ਪੈਰ ਧਰ ਲਏ ਹਨ। ਪਹਿਲੀ ਸਾਰਗਿਰਾ ਮਨਾਉਣ ਵਾਸਤੇ ਹੋਵਿਕ ਸਥਿਤ ਬੋਲੀਵੁੱਡ ਰੈਸਟੋਰੈਂਟ ਵਿਖੇ ਇਕ ਸਮਾਗਮ ਰੱਖਿਆ ਗਿਆ। ਦੋਹਾਂ ਪੰਜਾਬਾਂ ਦੀ ਸਾਂਝ ਪਾਉਂਦੇ ਪਤਵੰਤੇ ਅਤੇ ਮਹਿਮਾਨ ਉਥੇ ਪੁੱਜੇ। ਰੇਡੀਓ ਦੇ ਹੋਸਟ ਅਤੇ ਰੇਡੀਓ ਨੂੰ ਲੀਹੇ ਚਾੜ੍ਹਨ ਵਾਲੇ ਸ. ਜਸਮੀਤ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਰੇਡੀਓ ਸਾਡੇ ਆਲਾ ਦੀ ਸ਼ੁਰੂਆਤ ਸਬੰਧੀ ਸੰਖੇਪ ਜਾਣਕਾਰੀ ਦਿੱਤੀ ਕਿਵੇਂ ਉਨ੍ਹਾਂ ਨੇ ਬੱਸ ਏਦਾਂ ਦੀ ਹਾਸੇ-ਮਜ਼ਾਕ ਕਰਦਿਆਂ ਰੇਡੀਓ ਸ਼ੁਰੂ ਕਰ ਲਿਆ ਅਤੇ ਫਿਰ ਲੋਕਾਂ ਤੋਂ ਮਿਲੇ ਪਿਆਰ ਨੇ ਤਰੰਗਾ ਦਾ ਮਿਆਰ ਸਿਖਰਾਂ 'ਤੇ ਪਹੁੰਚਾ ਦਿੱਤਾ। ਜਸਮੀਤ ਸਿੰਘ ਹੋਰਾਂ ਪਰਦੇ ਦੇ ਪਿੱਛੇ ਰਹਿ ਕੇ ਕੰਮ ਕਰਨ ਵਾਲੀ ਮੈਨੇਜਮੈਂਟ, ਆਪਣੇ ਸਾਰੇ ਪੇਸ਼ਕਾਰਾਂ, ਸਪਾਂਸਰਜ਼ ਅਤੇ ਸਰੋਤਿਆਂ ਨੂੰ ਚਾਰ ਥੰਮ ਦਸਦਿਆਂ ਇਸੀ ਤਰ੍ਹਾਂ ਅਧਾਰ ਬਣੇ ਰਹਿਣ ਦੀ ਅਪੀਲ ਕੀਤੀ।
ਰੇਡੀਓ ਸਟੇਸ਼ਨ ਮੈਨੇਜਰ ਸ੍ਰੀ ਨਾਸਿਰ ਖਾਨ ਸ਼ੁਰੂਆਤੀ ਦਿਨਾਂ ਦੀਆਂ ਯਾਦਾਂ ਤਾਜ਼ਾਂ ਕੀਤੀਆਂ ਅਤੇ ਆਪਣੇ ਕੁਝ ਰੇਡੀਓ ਜੌਕੀਜ਼ ਦੇ ਨਾਲ ਸਾਂਝ ਪਵਾਈ। ਇਸ ਤੋਂ ਇਲਾਵਾ ਪਹੁੰਚੇ ਪਤਵੰਤਿਆਂ ਚੋਂ ਸ੍ਰੀ ਅਸ਼ਰਫ ਚੌਧਰੀ, ਸ੍ਰੀ ਤੌਫੀਕ ਖਾਨ, ਸ. ਦਲਜੀਤ ਸਿੰਘ, ਸ੍ਰੀ ਰਾਜ ਪ੍ਰਦੀਪ ਸਿੰਘ, ਆਰ. ਜੇ., ਸ਼ਰਨਜੀਤ ਸਿੰਘ, ਆਰ.ਜੇ. ਭੁਪਿੰਦਰ ਸਿੰਘ, ਆਰ. ਜੇ. ਗੁਰਪ੍ਰੀਤ ਸਿੰਘ ਨੇ ਵੀ ਆਪਣੇ-ਆਪਣੇ ਵਿਚਾਰ ਰੱਖਦਿਆਂ ਪਹਿਲੀ ਸਾਲਗਿਰਾ ਦੀ ਵਧਾਈ ਦਿਤੀ। ਰੇਡੀਓ ਸਾਡੇ ਆਲਾ ਅਤੇ ਸੁਪਰੀਮ ਸਿੱਖ ਸੁਸਾਇਟੀ ਵੱਲੋਂ ਭਵਿੱਖ ਵਿਚ ਕੀਤੇ ਜਾ ਰਹੇ ਭਲਾਈ ਕਾਰਜਾਂ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਗਈ। ਲੇਬਰ ਪਾਰਟੀ ਤੋਂ ਬਲਜੀਤ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ।
ਰੇਡੀਓ ਸਾਡੇ ਆਲਾ 'ਤੇ ਪਹੁੰਚਦੇ ਪੰਜਾਬੀ ਸੱਥ ਦੇ ਬਜ਼ੁਰਗਾਂ ਨੂੰ ਖਾਸ ਤੌਰ 'ਤੇ ਮਾਨ-ਸਨਮਾਨ ਦਿੰਦਿਆ ਸਾਲਗਿਰਾ ਦਾ ਕੇਕ ਉਨ੍ਹਾਂ ਦੇ ਹੱਥੀਂ ਕਟਵਾਇਆ ਗਿਆ। ਨਿਊਪਲੇਮੱਥ ਤੋਂ ਪਹੁੰਚੇ ਗਾਇਕ ਜੱਸੀ ਗੁਰੂ ਸ਼ੇਰ ਨੇ ਵੀ ਇਕ ਗੀਤ ਨਾਲ ਹਾਜ਼ਰੀ ਲਗਵਾਈ ਤੇ ਆਉਣ ਵਾਲਾ ਗੀਤ 'ਜੱਦੀ ਪੁਸ਼ਤੀ ਸਰਦਾਰ' ਦਾ ਪੋਸਟਰ ਰਿਲੀਜ਼ ਕੀਤਾ ਗਿਆ।
ਰੇਡੀਓ ਸਾਡੇ ਆਲਾ ਮੈਨੇਜਮੈਂਟ ਦੀ ਤਰਫ ਤੋਂ ਇਹ ਸਪਸ਼ਟ ਕੀਤਾ ਗਿਆ ਕਿ ਇਸ ਰੇਡੀਓ ਤੋਂ ਜਿਹੜੀ ਵੀ ਆਮਦਨ ਪੈਦਾ ਹੁੰਦੀ ਹੈ ਉਸਦਾ 100% ਹਿੱਸਾ ਉਪਕਾਰੀ ਕਾਰਜਾਂ (ਚੈਰੀਟੇਬਲ ਕੰਮਾਂ) ਵਾਸਤੇ ਲਾਇਆ ਜਾਂਦਾ ਹੈ। ਕੋਈ ਵੀ ਪੈਸਾ ਨਿੱਜੀ ਵਰਤੋਂ ਲਈ ਨਹੀਂ ਰੱਖਿਆ ਜਾਂਦਾ।



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132”
88”
8 Seated Sofa
■ ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# 12 ਅਕਤੂਬਰ ਨੂੰ ਫ਼ਾਦਰ ਟੌਬਿਨ ਏਰੀਏ ਵਿਚ ਹੋਏ ਸਮਾਗ਼ਮ ਦਾ ਆਯੋਜਨ ਇਸ ਏਰੀਏ ਦੇ ਲੋਕਾਂ ਵੱਲੋਂ ਕੀਤਾ ਗਿਆ



ਬਰੈਂਪਟਨ, (ਡਾ. ਝੰਡ) -ਵੀਰਵਾਰ 18 ਅਕਤੂਬਰ ਦੇ 'ਪੰਜਾਬੀ ਪੋਸਟ' ਅਤੇ ਕੁਝ ਹੋਰ ਸਥਾਨਕ ਪੰਜਾਬੀ ਅਖ਼ਬਾਰਾਂ ਵਿਚ ਫ਼ਾਦਰ ਟੌਬਿਨ ਏਰੀਏ ਵਿਚ 12 ਅਕਤੂਬਰ ਨੂੰ ਹੋਏ ਸਮਾਗ਼ਮ ਸਬੰਧੀ ਖ਼ਬਰ ਛਪੀ ਹੈ। ਇਸ ਵਿਚ ਬਰੈਂਪਟਨ ਮੇਅਰ ਲਈ ਮੁੜ ਉਮੀਦਵਾਰ ਲਿੰਡਾ ਜੈੱਫ਼ਰੀ, ਰੀਜਨਲ ਕਾਊਂਸਲਰ ਉਮੀਦਵਾਰ ਗੁਰਪ੍ਰੀਤ ਸਿੰਘ ਢਿੱਲੋਂ, ਸਿਟੀ ਕਾਊਂਸਲਰ ਉਮੀਦਵਾਰ ਹਰਕੀਰਤ ਸਿੰਘ ਅਤੇ ਸਕੂਲ-ਟਰੱਸਟੀ ਉਮੀਦਵਾਰ ਬਲਬੀਰ ਸੋਹੀ ਦੇ ਸ਼ਾਮਲ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਇਸ ਸਮਾਗ਼ਮ ਦੇ ਆਯੋਜਨ ਬਾਰੇ ਸ. ਕਰਤਾਰ ਸਿੰਘ ਚਾਹਲ ਨੇ ਇਸ ਪੱਤਰਕਾਰ ਨੂੰ ਫ਼ੋਨ 'ਤੇ ਦੱਸਿਆ ਕਿ ਇਹ ਸਮਾਗ਼ਮ ਫ਼ਾਦਰ ਟੌਬਿਨ ਸੀਨੀਅਰਜ਼ ਕਲੱਬ ਵੱਲੋਂ ਨਹੀਂ, ਬਲਕਿ ਫ਼ਾਦਰ ਟੌਬਿਨ ਏਰੀਏ ਦੇ ਲੋਕਾਂ ਵੱਲੋਂ ਆਯੋਜਿਤ ਕੀਤਾ ਗਿਆ ਸੀ। ਸਮਾਗ਼ਮ ਵਿਚ 22 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਵਿਚ ਖੜੇ ਉਮੀਦਵਾਰਾਂ ਲਿੰਡਾ ਜੈੱਫ਼ਰੀ, ਗੁਰਪ੍ਰੀਤ ਸਿੰਘ ਢਿੱਲੋਂ, ਹਰਕੀਰਤ ਸਿੰਘ ਅਤੇ ਬਲਬੀਰ ਸੋਹੀ ਨੇ ਸ਼ਿਰਕਤ ਕੀਤੀ ਅਤੇ ਆਪਣੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕੀਤੇ।


**For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ**

- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%–50% ਬਚਾਓ

Contact: Nirmal Singh Johal(Certified Electrician) 647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

**Join and Represent Us**

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

jobs! jobs! jobs! jobs! jobs!

DUNDAS·JAFINE

**HELP WANTED**

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)

**ASIAN FOOD CENTRE**



SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4 ............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109

# ਬਰੈਂਪਟਨ ਸਿਟੀ ਕੌਂਸਲ ਦੀਆਂ ਚੋਣਾਂ ਦਾ ਆਖਰੀ ਦੌਰ 22 ਅਕਤੂਬਰ



ਹਰਚੰਦ ਸਿੰਘ ਬਾਸੀ

ਬਰੈਂਪਟਨ ਸਿਟੀ ਕੌਂਸਲ ਲਈ ਮੇਅਰ,ਰਿਜਨਲ ਕੌਂਸਲਰ,ਕੌਂਸਲਰ ਅਤੇ ਸਕੂਲ ਟਰੱਸਟੀ ਦੀ ਚੋਣ ਲੜ ਰਹੇ ਉਮੀਦਵਾਰਾਂ ਲਈ ਅਡਵਾਂਸ ਪੋਲਿੰਗ ਤੋਂ ਪਿਛੋਂ ਆਖਰੀ ਪੜਾ 22 ਅਕਤੂਬਰ ਦਿਨ ਸੋਮਵਾਰ ਨੂੰ ਹੈ। ਵੋਟਾਂ 10-00 ਵਜੇ ਤੋਂ 8-00ਵਜੇ ਤੱਕ ਤੱਕ ਪੈਣਗੀਆਂ। ਵੋਟਰਾਂ ਦੀ ਸਹੂਲਤ ਲਈ ਸਿਟੀ ਦੇ ਹਰ ਇੱਕ ਵਾਰਡ ਵਿੱਚ ਕਈ ਪੋਲਿੰਗ ਬੂਥ ਬਣਾਏ ਜਾਣਗੇ। ਜਿਹੜੇ ਵੋਟਰਾਂ ਨੇ ਅਡਵਾਂਸ ਪੋਲਿੰਗ ਵਿੱਚ ਵੋਟ ਨਹੀਂ ਪਾਈ ਉਹ 22 ਅਕੂਬਰ ਨੂੰ ਵੋਟ ਪਾ ਸਕਦੇ ਹਨ। ਉਹਨਾਂ ਨੂੰ ਆਪਣੀ ਮਰਜ਼ੀ ਦਾ ਉਮੀਦਵਾਰ ਚੁਨਣ ਲਈ ਅਧਿਕਾਰ ਹੈ। ਲੋਕ ਰਾਜ ਅੰਦਰ ਇਹ ਸੁਨਿਚਤ ਕੀਤਾ ਗਿਆ ਹੈ ਕਿ ਵੋਟਰ ਬਿਨਾਂ ਕਿਸੇ ਦਬਾਅ,ਲਾਲਚ,ਲਿਹਾਜਦਾਰੀ ਤੋਂ ਅਜ਼ਾਦ ਹੋ ਕੇ ਵੋਟ ਪਾਏ। ਆਪਣੀ ਸਮਝ ਅਨੁਸਾਰ ਉਸ ਨੂੰ ਜੋ ਵੀ ਉਮੀਦਵਾਰ ਯੋਗ ਲਗਦਾ ਹੈ ਉਸ ਨੂੰ ਵੋਟ ਪਾਏ। ਵੋਟ ਪਾਉਣ ਤੋਂ ਪਹਿਲਾਂ ਠੰਡੇ ਦਿਮਾਗ ਨਾਲ ਸੋਚੇ ਕਿ ਬਰੈਂਪਟਨ ਸਿਟੀ ਦੀ ਬਿਹਤਰੀ ਲਈ ਕਿਸ ਕੋਲ ਚੰਗੇ ਸੁਝਾਉ ਹੈ ਅਤੇ ਕੀ ਉਹਨਾਂ ਨੂੰ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ? ਮਜੂਦਾ ਸਿਟੀ ਕੌਂਸਲ ਨੇ ਸਿਟੀ ਦੇ ਲੋਕਾਂ ਦੀ ਉਨਤੀ ਲਈ ਕਿਹੜੇ ਕਿਹੜੇ ਕੰਮਾਂ ਨੂੰ ਤਰਜੀਹ ਦੇ ਕੇ ਉਹਨਾਂ ਨੂੰ ਸਿਰੇ ਚਾੜਿਆ। ਜਾਂ ਉਹ ਵੋਟਾਂ ਦੀ ਰਾਜਨੀਤੀ ਵਿੱਚ ਹੀ ਉਲਝੇ ਰਹੇ। ਇਸ ਲਈ ਲੋਕਾਂ ਦੇ ਨਿਜੀ ਕੰਮਾਂ ਵਿੱਚ ਦਿਲਚਸਪੀ ਲੈਂਦੇ ਰਹੇ ਅਤੇ ਸਾਂਝੇ ਕੰਮਾਂ ਲਈ ਟੀਮ ਬਣ ਕੇ ਨਹੀਂ ਸਗੋਂ ਆਪਣੀ ਹਉਮੇਂ ਵਿੱਚ ਫਸ ਕੇ ਸਿਟੀ ਦੇ ਕੰਮਾਂ ਦੀ ਅਣਦੇਖੀ ਕਰਦੇ ਰਹੇ। ਵੋਟਾਂ ਖਾਤਰ ਸਿਰਫ ਜੁਮਲੇ ਤਾਂ ਨਹੀਂ ਸੁਣਾਉਂਦੇ।ਕਈ ਉਮੀਦਵਾਰ ਘਰ ਦੀ ਬਿਹਤਰੀ ਲਈ ਹੀ ਸਿਆਸਤ ਵਿੱਚ ਆਉਂਦੇ ਹਨ। ਆਪਣੇ ਜੀਵਨ ਦੀਆਂ ਸਹੂਲਤਾਂ ਲਈ ਹੀ ਕੰਮ ਕਰਦੇ ਹਨ। ਉਹ ਅਜ਼ਾਦ ਹਸਤੀ ਦੇ ਮਾਲਕ ਨਹੀਂ ਹੁੰਦੇ ਸਗੋਂ ਕਿਸੇ ਹੋਰ ਦੀਆਂ ਫਹੁੜੀਆਂ ਦੇ ਆਸਰੇ ਚਲਦੇ ਹਨ।ਉਹਨਾਂ ਉਮੀਦਵਾਰਾਂ ਵਿੱਚ ਬੇਲੋੜਾ ਗਰੂਰ ਭਰਿਆ ਹੁੰਦਾ ਹੈ। ਹਿੰਦੋਸਤਾਨ ਦੀ ਸਿਆਸਤ ਵਾਂਗੂੰ ਉਹ ਆਪਣੇ ਆਪ ਨੂੰ ਲੋਕਾਂ ਦੇ ਨਵਾਬ ਸਮਝਣ ਲੱਗ ਜਾਂਦੇ ਹਨ। ਅਜਿਹੇ ਉਮੀਦਵਾਰਾਂ ਤੋਂ ਵੋਟਰਾਂ ਨੂੰ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ ਅਤੇ ਪਿਛਲੀ ਵਾਰ ਦੇ ਨਾ ਅਹਿਲ ਉਮੀਦਵਾਰਾਂ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਇਕੱਠਾ ਵਿੱਚ ਲੋਕਾਂ ਨੂੰ ਹੱਥ ਮਿਲਾਉਣਾ ਹੀ ਉਸ ਦੀ ਖੂਬੀ ਹੋਵੇ ਸਗੋਂ ਕੰਮ ਦੀ ਪਰਖ ਹੋਣੀ ਚਾਹੀਦੀ ਹੈ। ਵੋਟਾਂ ਦੇ ਇਸ ਅਖੀਰਲੇ ਗੇੜ ਵਿੱਚ ਤੁਹਾਡੀ ਸੂਝ ਅਤੇ ਸਮਝ ਨੇ ਅਹਿਮ ਰੋਲ ਅਦਾ ਕਰਨਾ ਹੈ।ਅਸੀਂ ਬਰੈਂਪਟਨ ਸਿਟੀ ਦੇ ਲੋਕ ਸਿਟੀ ਦੇ ਪ੍ਰਬੰਧ ਦੀਆਂ ਉਣਤਾਈਆਂ ਦੀ ਹਰ ਰੋਜ਼ ਇੱਕ ਦੂਜੇ ਨਾਲ ਚਰਚਾ ਕਰਦੇ ਹਾਂ ਪਰ ਜਦ ਪ੍ਰਬੰਧ ਉਮੀਦਵਾਰਾਂ ਦੇ ਹੱਥ ਦੇਣਾ ਹੁੰਦਾ ਹੈ ਉਸ ਵਕਤ ਅਸੀਂ ਕਈ ਨਿਗੂਣੀਆਂ ਗੱਲਾਂ ਵਿੱਚ ਉਲਝ ਜਾਂਦੇ ਹਾਂ। ਯਾਰ ਇਹ ਫਲਾਣੇ ਦਾ ਰਿਸ਼ਤੇਦਾਰ ਹੈ,ਇਹ ਪੂਰਨ ਗੁਰ ਸਿੱਖ ਹੈ, ਇਹ ਸਾਡੀ ਕਮਿਉਨਿਟੀ ਦਾ ਹੈ,ਇਹ ਫਲਾਣੇ ਖੇਤਰ ਦਾ ਹੈ, ਇਹ ਇਥੋਂ ਉਥੋਂ ਦਾ ਬੌਰਨ(ਜਨਮਿਆ) ਹੈ ਆਦਿ ਆਦਿ। ਯੋਗਤਾ ਇਹਨਾਂ ਗੱਲਾਂ ਵਿੱਚ ਨਹੀਂ ਸਗੋਂ ਉਸ ਦੀ ਲਗਣ,ਦ੍ਰਿਸ਼ਟੀਕੋਣ,ਸੇਵਾ ਭਾਵਨਾ ਵਿੱਚੋਂ ਝਲਕਦੀ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਯੋਗ ਅਤੇ ਸਰਗਰਮ ਰੋਲ ਅਦਾ ਕਰਨ ਵਾਲਾ ਉਮੀਦਵਾਰ ਚੁਣੋ। ਇਸ ਵਿੱਚ ਹੀ ਸਿਟੀ ਦੇ ਲੋਕਾਂ ਅਤੇ ਬੱਚਿਆਂ ਦਾ ਭਵਿਖ ਝਲਕੇਗਾ। ਕਈ ਇੱਕ ਵਾਰ ਕਿਸੇ ਕਾਰਨ ਚੁਣੇ ਜਾਂਦੇ ਹਨ ਫਿਰ ਉਹਨਾਂ ਨੂੰ ਗਰੂਰ ਹੋ ਜਾਂਦਾ ਹੈ ਕਿ ਸਾਡੇ ਜਿੰਨਾ ਸੂਝ ਸਮਝ ਵਾਲਾ ਕੋਈ ਨਹੀਂ । ਨਹੀਂ ਇਹ ਗੱਲ ਨਹੀਂ ਸਮਾਜ ਵਿੱਚ ਹੋਰ ਉਸ ਤੋਂ ਵੀ ਜਿਆਦਾ ਤਜਰਬੇਕਾਰ ਅਤੇ ਡੂੰਘੀ ਸਮਝ ਵਾਲੇ ਹੋ ਸਕਦੇ ਹਨ।ਉਹ ਵੀ ਲੋਕਾਂ ਦੀ ਨਿਗਾਹ ਵਿੱਚ ਹੋਣੇ ਚਾਹੀਦੇ ਹਨ। ਜਿਸ ਆਦਮੀ ਨੇ ਇਸ ਖੇਤਰ ਵਿੱਚ ਆਉਣਾ ਹੈ ਆਪਣੇ ਅੰਦਰ ਦੀ ਘਿਰਣਾ,ਹਉਮੇ,ਸਿਥਲਤਾਨੂੰ ਤਿਆਗ ਕੇ ਆਉਣਾ ਹੋਵੇਗਾ ਤਾਂ ਹੀ ਉਹ ਸੱਭ ਦਾ ਸਾਂਝਾ ਉਮੀਦਵਾਰ ਹੋਵੇਗਾ। ਚੋਣਾਂ ਵਿੱਚ ਲੋਕ ਮੱਤ ਰੱਖਦੇ ਹਨ ਪਰ ਚੁਣੇ ਜਾਣ ਤੋਂ ਬਾਅਦ ਉਹ ਪ੍ਰਤੀਨਿਧ ਸਿਟੀ ਦੇ ਸਮੁਚੇ ਸਿਸਟਮ ਲਈ ਕੰਮ ਕਰਨ ਵਾਲਾ ਲੋਕਾਂ ਦਾ ਪ੍ਰਤੀਨਿਧ ਹੋਵੇਗਾ। ਸੱਭ ਲੋਕ ਟੈਕਸ ਦੇ ਕੇ ਉਹਨਾਂ ਨੂੰ ਸਿਟੀ ਦੀ ਅਗੁਵਾਈ ਕਰਨ ਦਾ ਹੱਕ ਦਿੰਦੇ ਹਨ।ਕਿਸੇ ਉਮੀਦਵਾਰ ਨੂੰ ਸਥਿਰ ਹੋਣ ਲਈ ਨਹੀਂ ਸਗੋਂ ਆਪਣਾ ਯੋਗ ਹਿਸਾ ਪਾਉਣ ਦਾ ਫਿਕਰ ਹੋਣਾ ਚਾਹੀਦਾ ਹੈ।ਵੋਟ ਪਾਉਣ ਜਰੂਰ ਜਾਉ ਆਪਣਾ ਮੱਤ ਰੱਖੋ ਇਸ ਨਾਲ ਓਮੀਦਵਾਰਾਂ ਤੇ ਇੱਕ ਮਾਨਸਿਕ ਦਬਾਅ ਰਹੇਗਾ ਕਿ ਸਿਟੀ ਦੇ ਲੋਕ ਆਪਣੇ ਹੱਕਾਂ ਅਤੇ ਸ਼ਹਿਰ ਦੀ ਬੇਹਤਰੀ ਲਈ ਚੇਤੰਨ ਹਨ। ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਜੁਆਬ ਦੇਣਾ ਪਏਗਾ। ਵੋਟ ਪਾਉਣ ਸਮੇਂ ਆਪਣੀ ਆਈ ਡੀ,ਪਾਸਪੋਰਟ, ਲਾਈਸੈਂਸ ਆਦਿ ਨਾਲ ਲੈ ਕੇ ਜਾਉ ਤਾਂ ਕਿ ਪੋਲਿੰਗ ਸਟੇਸ਼ਨ ਤੇ ਤੁਹਾਨੂੰ ਕੋਈ ਪ੍ਰੇਸ਼ਾਨੀ ਨਾ ਆਏ। ਉਂਝ ਤਾਂ 29 ਕਿਸਮ ਦੀ ਆਈ ਡੀਵੋਟ ਪਾਉਣ ਲਈ ਦਿਖਾਈ ਜਾ ਸਕਦੀ ਹੈ ਪਰ ਉਪਰੋਕਤ ਤਿੰਨ ਚਾਰ ਆਈ ਡੀ ਕੰਮ ਆ ਜਾਏਗੀ।

> **ਵੋਟਰਾਂ ਲਈ ਉਮੀਦਵਾਰਾਂ ਦੇ ਹੱਕ ਵਿੱਚ ਫੈਸਲਾ ਕਰਨ ਦੀ ਮਹੱਤਵਪੂਰਨ ਘੜੀ**

## ਹਲਕਾ ਫੁਲਕਾ

ਰੰਜਨ, “ਡਾਕਟਰ ਸਾਹਿਬ, ਮੈਨੂੰ ਗੁੱਸਾ ਬੜਾ ਆਉਂਦਾ ਹੈ। ਇਹੋ ਜਿਹੀ ਦਵਾਈ ਦਿਓ ਕਿ ਦਿਮਾਗ ਸ਼ਾਂਤ ਰਹੇ।”

“ਕਿਸ ਗੱਲ 'ਤੇ ਸਭ ਤੋਂ ਜ਼ਿਆਦਾ ਗੁੱਸਾ ਆਉਂਦਾ ਹੈ?” ਡਾਕਟਰ ਨੇ ਪੁੱਛਿਆ।

“ਇਸ ਨਾਲ ਤੁਹਾਨੂੰ ਕੀ ਮਤਲਬ? ਤੁਹਾਡਾ ਕੰਮ ਦਵਾਈ ਦੇਣਾ ਹੈ, ਫਜ਼ੂਲ ਦੇ ਸਵਾਲ ਪੁੱਛਣਾ ਨਹੀਂ।” ਰੰਜਨ ਕਹਿਣ ਲੱਗਾ।

*********

ਦੋ ਦੋਸਤ ਜੰਗਲ 'ਚ ਜਾ ਰਹੇ ਸਨ ਕਿ ਸਾਹਮਣਿਓਂ ਖ਼ੂੰਖਾਰ ਰਿੱਛ ਆਉਂਦਾ ਦਿਖਾਈ ਦਿੱਤਾ। ਉਸ ਨੂੰ ਦੇਖ ਕੇ ਇੱਕ ਦੋਸਤ ਝੱਟ ਰੁੱਖ 'ਤੇ ਚੜ੍ਹ ਗਿਆ ਅਤੇ ਦੂਸਰਾ ਆਪਣਾ ਸਾਹ ਰੋਕ ਕੇ ਜ਼ਮੀਨ 'ਤੇ ਲੇਟ ਗਿਆ।

ਰਿੱਛ ਸਿੱਧਾ ਜ਼ਮੀਨ 'ਤੇ ਲੇਟੇ ਨੌਜਵਾਨ ਕੋਲ ਆਇਆ ਤੇ ਕਹਿਣਾ ਲੱਗਾ, “ਬੱਚੂ ਤੇਰਾ ਇਹ ਡਰਾਮਾ ਨਹੀਂ ਚੱਲ ਸਕੇਗਾ। ਉਹ ਪੁਰਾਣੀ ਕਹਾਣੀ ਮੈਂ ਵੀ ਪੜ੍ਹੀ ਹੋਈ ਹੈ।”

*********

ਪਤੀ, “ਜੇ ਤੁਸੀਂ ਮੈਨੂੰ ਜ਼ਿਆਦਾ ਪ੍ਰੇਸ਼ਾਨ ਕੀਤਾ ਤਾਂ ਮੈਂ ਸਾਧੂ ਬਣ ਜਾਵਾਂਗਾ।”

ਪਤਨੀ, “ਆਮ ਸਾਧੂ ਜਾਂ ਨਾਗਾ ਸਾਧੂ?”

ਪਤੀ, “ਕਿਉਂ?”

ਪਤਨੀ, “ਜੇ ਆਮ ਸਾਧੂ ਬਣਨਾ ਹੈ ਤਾਂ ਮੈਂ ਤੁਹਾਡੀ ਪੈਕਿੰਗ ਕਰਾਂ ਅਤੇ ਜੇ ਨਾਗਾ ਸਾਧੂ ਬਣਨਾ ਹੈ ਤਾਂ ਫਟਾਫਟ ਏਦਾਂ ਹੀ ਨਿਕਲ ਜਾਓ।”

# ਧਾਰਮਕ ਮੋਰਚੇ ਦਾ ਕਿਧਰੇ ਰਾਜਸੀਕਰਨ ਨਾ ਹੋ ਜਾਏ?



ਜਸਵੰਤ ਸਿੰਘ ‘ਅਜੀਤ’
91 95 82 71 98 90

ਇਸ ਵਿੱਚ ਕੋਈ ਸ਼ਕ ਨਹੀਂ ਕਿ ਇਸ ਸਮੇਂ ਪੰਜਾਬ ਦੀਆਂ ਕਈ ਪੰਥਕ ਜੱਥੇਬੰਦੀਆਂ ਵਲੋਂ ਆਪਸੀ ਤਾਲਮੇਲ ਨਾਲ ਬਰਗਾੜੀ (ਪੰਜਾਬ) ਵਿੱਚ ਇਨਸਾਫ ਪ੍ਰਾਪਤੀ ਲਈ ਜੋ ਮੋਰਚਾ ਲਾਇਆ ਗਿਆ ਹੋਇਆ ਹੈ, ਉਹ ਸਮੁਚੇ ਰੂਪ ਵਿੱਚ ਹੀ ਨਿਰੋਲ ਅਜਿਹੇ ਧਾਰਮਕ ਮੁੱਦਿਆਂ ਪੁਰ ਅਧਾਰਤ ਹੈ, ਜਿਨ੍ਹਾਂ ਦਾ ਰਾਜਨੀਤੀ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ। ਹਰ ਕੋਈ ਜਾਣਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤ੍ਰੀ-ਕਾਲ ਦੌਰਾਨ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣ ਦੀਆਂ ਲਗਾਤਾਰ ਵਾਪਰਦੀਆਂ ਰਹੀਆਂ ਘਟਨਾਵਾਂ, ਜਿਨ੍ਹਾਂ ਲਈ ਦੋਸ਼ੀਆਂ ਦੇ ਪੁਲਸ ਦੀ ਪਹੁੰਚ ਤੋਂ ਬਾਹਰ ਰਹਿਣ ਦੇ ਹਾਲਾਤ ਦੇ ਚਲਦਿਆਂ ਉਨ੍ਹਾਂ ਨੂੰ ਪਕੜਨ ਅਤੇ ਉਨ੍ਹਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਸਿੱਖ ਜੱਥੇਬੰਦੀਆਂ ਵਲੋਂ ਸ਼ਾਂਤੀਪੂਰਣ ਰੋਸ ਧਰਨੇ ਦਿੱਤੇ ਜਾ ਰਹੇ ਸਨ, ਜਿਨ੍ਹਾਂ ਵਿੱਚ ਜੁੜੀਆਂ ਸਿੱਖ-ਸੰਗਤਾਂ ਵਲੋਂ ਕੇਵਲ ਨਾਮ ਸਿਮਰਨ ਹੀ ਕੀਤਾ ਜਾਂਦਾ ਸੀ। ਇਨ੍ਹਾਂ ਸ਼ਾਂਤੀਪੂਰਣ ਧਰਨਿਆਂ ਵਿੱਚ ਜੁੜੀਆਂ ਨਾਮ ਸਿਮਰਨ ਕਰ ਰਹੀਆਂ ਸਿਖ-ਸੰਗਤਾਂ ਪੁਰ ਪੰਜਾਬ ਪੁਲਸ ਵਲੋਂ ਬਿਨਾ ਕਿਸੇ ਭੜਕਾਹਟ ਅਤੇ ਬਿਨਾ ਕਿਸੇ ਤਰ੍ਹਾਂ ਦੀ ਚਿਤਾਵਨੀ ਦਿਤਿਆਂ ਗੋਲੀ ਚਲਾਈ ਗਈ, ਜਿਸਦੇ ਫਲਸਰੂਪ ਦੋ ਸਿੱਖ ਨੌਜਵਾਨ ਸ਼ਹੀਦ ਹੋ ਗਏ। ਇਨ੍ਹਾਂ ਹੀ ਘਟਨਾਵਾਂ ਲਈ ਦੋਸ਼ੀਆਂ ਨੂੰ ਪਕੜਨ ਅਤੇ ਉਨ੍ਹਾਂ ਵਿਰੁਧ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਪੰਥਕ ਜੱਥੇਬੰਦੀਆਂ ਵਲੋਂ ਇਹ (ਬਰਗਾੜੀ) ਮੋਰਚਾ ਲਾਇਆ ਗਿਆ ਹੋਇਆ ਹੈ। ਇਸ ਮੋਰਚੇ ਨਾਲ ਇਸ ਮੰਗ ਤੋਂ ਬਿਨਾ ਹੋਰ ਕਿਸੇ ਵੀ ਗਲ ਜਾਂ ਮੰਗ ਦਾ ਕੋਈ ਸੰਬੰਧ ਨਹੀਂ ਅਤੇ ਨਾ ਹੀ ਇਹ ਮੋਰਚਾ ਕਿਸੇ ਰਾਜਸੀ ਜੱਥੇਬੰਦੀ ਵਲੋਂ ਲਾਇਆ ਗਿਆ ਹੋਇਆ ਹੈ। ਇਸਲਈ ਇਸ ਮੋਰਚੇ ਦਾ ਉਦੇਸ਼ ਨਿਰੋਲ ਧਾਰਮਕ ਹੋਣ ਦੇ ਕਾਰਣ ਨਾ ਕੇਵਲ ਸਿੱਖ ਹੀ ਰਾਜਸੀ ਸੋਚ ਤੋਂ ਉਪਰ ਉਠ ਵੱਡੀ ਗਿਣਤੀ ਵਿੱਚ ਇਸ ਮੋਰਚੇ ਵਿੱਚ ਸ਼ਾਮਲ ਹੋ ਰਹੇ ਹਨ, ਸਗੋਂ ਇਨਸਾਫ-ਪਸੰਦ ਹਿੰਦੂ ਵੀ ਰਾਜਸੀ ਵਿਚਾਰਧਾਰਾ ਤੋਂ ਉਪਰ ਉਠ ਭਾਰੀ ਤਾਦਾਦ ਵਿੱਚ ਉਨ੍ਹਾਂ ਦੀ ਮੰਗ ਦੇ ਸਮਰਥਨ ਵਿੱਚ ਉਨ੍ਹਾ ਨਾਲ ਜੁੜਨ ਲਈ ਅੱਗੇ ਆ ਰਹੇ ਹਨ। ਇਸ ਮੋਰਚੇ ਦੀ ਲਗਾਤਾਰ ਵਧਦੀ ਜਾ ਰਹੀ ਹਰਮਨ-ਪਿਆਰਤਾ ਦੇ ਚਲਦਿਆਂ, ਜਿਸ-ਤਰ੍ਹਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀਆਂ ਵਿਰੋਧੀ ਪਾਰਟੀਆਂ ਦੇ ਨੇਤਾ, ਆਪਣੀਆਂ ਰਾਜਸੀ ਰੋਟੀਆਂ ਸੇਂਕਣ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਵਿਰੁਧ ਅਪਾਨਣ ‘ਕਿੜ’ ਤੇ ਭੜਾਸ ਕਢਣ ਲਈ ਉਥੇ ਪੁਜਣ ਲਗੇ ਹਨ, ਉਸਤੋਂ ਇਉਂ ਜਾਪਣ ਲਗਾ ਹੈ ਜਿਵੇਂ ਉਹ ਇਸ ਮੋਰਚੇ ਦੇ ਸਹਾਰੇ ਆਪਣੀ ਸੱਤਾ ਲਾਲਸਾ ਪੂਰਿਆਂ ਕਰਨ ਵਿੱਚ ਸਫਲ ਹੋ ਸਕਦੇ ਹਨ। ਇਸ ਲਈ ਜੇ ਸਮਾਂ ਰਹਿੰਦਿਆਂ ਇਨ੍ਹਾਂ ਰਾਜਸੀ ਆਗੂਆਂ ਨੂੰ ਉਥੇ ਪੁਜ ਆਪਣੇ ਰਾਜਸੀ ਸੁਆਰਥ ਦੀ ਪੂਰਤੀ ਲਈ ਮੰਚ ਸਾਂਝਾ ਕਰਨ ਤੋਂ ਨਾ ਰੋਕਿਆ ਗਿਆ ਤਾਂ ਨਾ ਕੇਵਲ ਇਹ ਮੋਰਚਾ ਕਮਜ਼ੋਰ ਹੋ ਜਾਇਗਾ। ਇਸ ਸਥਿਤੀ ਦੇ ਚਲਦਿਆਂ ਇਹ ਮੋਰਚਾ ਜੇ ਅਸਫਲਤਾ ਦੇ ਕਗਾਰ ਪੁਰ ਜਾ ਪੁਜੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਵੇਗੀ। ਇਸਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਉਥੇ ਮੋਰਚੇ ਦਾ ਸਮਰਥਨ ਕਰਨ ਲਈ ਆਉਣ ਤੋਂ ਰੋਕ ਦਿੱਤਾ ਜਾਏ, ਸਗੋਂ ਇਸਦਾ ਮਤਲਬ ਇਹ ਹੈ ਕਿ ਉਹ ਮਰਚੇ ਦਾ ਸਮਰਥਨ ਕਰਨ ਲਈ ਜੀ ਸਦਕੇ ਆਉਣ ਤੇ ਮੰਚ ਤੋਂ ਮੋਰਚੇ ਦੇ ਹਕ ਵਿੱਚ ਅਵਾਜ਼ ਸਾਂਝੀ ਕਰਨ, ਪ੍ਰੰਤੂ ਉਥੇ ਆ ਆਪਣੀਆਂ ਰਾਜਸੀ ਰੋਟੀਆਂ ਸੇਂਕਣ ਤੋਂ ਜ਼ਰੂਰ ਗੁਰੇਜ਼ ਕਰਨ।

**ਡਾ. ਅਨੁਰਾਗ ਸਿੰਘ :** ਪ੍ਰਸਿੱਧ ਸਿੱਖ ਵਿਦਵਾਨ ਡਾ. ਅਨੁਰਾਗ ਸਿੰਘ ਦੀ ਇੱਕ ਪੋਸਟ ਸੋਸ਼ਲ ਮੀਡੀਆ ਪੁਰ ਵਾਇਰਲ ਹੋ ਰਹੀ ਹੈ, ਜਿਸ ਵਿੱਚ ਉਨ੍ਹਾਂ ਬਰਗਾੜੀ ਮੋਰਚੇ ਦੀਆਂ ਸੰਚਾਲਕ ਪੰਥਕ ਜੱਥੇਬੰਦੀਆਂ ਦੇ ਮੁਖੀਆਂ ਨੂੰ, ਉਨ੍ਹਾਂ ਦੇ ਸੰਘਰਸ਼ ਪੁਰ ਆਪਣੇ ਸਵਾਰਥ ਦੀਆਂ ਰੋਟੀਆਂ ਸੇਂਕਣੇ ਵਾਲੇ ਰਾਜਸੀ ਆਗੂਆਂ ਤੋਂ ਸਾਵਧਾਨ ਰਹਿਣ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਨੇ ਸਰਗਰਮ ਅਕਾਲੀ ਦਲਾਂ ਦੀ ਦਲਦਲ ਵਿੱਚ ਫਸੇ ਪੰਥ ਦੀ ਵੇਦਨਾ ਬਿਆਨ ਕਰਦਿਆਂ ਬਹੁਤ ਹੀ ਭਾਰੀ ਦਿਲ ਨਾਲ ਲਿਖਿਆ ਕਿ ਇੱਕ ਅਕਾਲੀ ਦਲ ਨੂੰ ਸਾਹ ਲੈਣ ਲਈ ਕਾਂਗਰਸ ਦੀ ਆਕਸੀਜ਼ਨ ਚਾਹੀਦੀ ਹੈ ਤੇ ਦੂਸਰੇ ਅਕਾਲੀ ਦਲ ਨੂੰ ਸਾਹ ਲੈਣ ਲਈ ਭਾਜਪਾ ਦੀ ਆਕਸੀਜ਼ਨ ਲੈਣ ਦੀ ਲੋੜ ਹੁੰਦੀ ਹੈ। ਦੋਹਾਂ ਕੋਲ ਆਪਣਾ ਕੁਝ ਵੀ ਨਹੀਂ। ਉਨ੍ਹਾਂ ਹੋਰ ਲਿਖਿਆ ਕਿ ਇਨ੍ਹਾਂ ਨੂੰ ਇੱਕ ਪਾਸੇ ਸਮਰਥਾਵਾਨ ਸਿੱਖਾਂ ਪਾਸੋਂ ਧਨ ਮਿਲਦਾ ਹੈ ਤੇ ਦੂਜੇ ਪਾਸੇ ‘ਗੁਰੂ ਕੀ ਗੋਲਕ’ ਵੀ ਇਨ੍ਹਾਂ ਦੀ ਮਦਦਗਾਰ ਹੁੰਦੀ ਹੈ। ਉਨ੍ਹਾਂ ਅਨੁਸਾਰ ਨੀਲਾ ਤਾਰਾ ਸਾਕੇ ਲਈ ‘ਸਦਾ’ ਅਕਾਲੀ ਦਲ ਦਿੰਦਾ ਹੈ, ਉਸਦੀ ਸਹਿਯੋਗੀ ਭਾਜਪਾ ਸੜਕਾਂ ਪੁਰ ਉਤਰ ਹਰਿਮੰਦਿਰ ਸਾਹਿਬ ਪੁਰ ਸੈਨਕ ਕਾਰਵਾਈ ਕਰਨ ਦੀ ਗੁਹਾਰ ਲਾਂਦੀ ਹੈ ਅਤੇ ਕਾਂਗ੍ਰਸ ਇਨ੍ਹਾਂ ਦੀ ਮੰਗ ਸਵੀਕਾਰ ਕਰ ਪੰਜਾਬ ਦਾ ਸਤਿਆਨਾਸ ਕਰਨ ਦੇ ਨਾਲ ਸਿੱਖਾਂ ਦੀ ਨਸਲਕੁਸ਼ੀ ਕਰਨ ਵਿੱਚ ਸਫਲ ਹੋ ਜਾਂਦੀ ਹੈ। ਇਸ ਸਾਰੇ ਗੁਨਾਹ ਦੇ ਭਾਈਵਾਲ ਗਰਮ-ਗਰਮ ਭਾਸ਼ਣ ਦੇ ਸਿੱਖਾਂ ਨੂੰ ਧੱਧਕਦੀ ਅੱਗ ਵਿੱਚ ਝੌਂਕ ਆਪ ਸਾਫ ਸੁਰਖਿਅਤ ਬਾਹਰ ਨਿਕਲ ਆਉਂਦੇ ਹਨ।

**ਗੁਰਦੁਆਰਾ ਪ੍ਰਬੰਧ ਪੁਰ ਕਬਜ਼ਾ.. :** ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਨੇ ਜਸਟਿਸ ਰਣਜੀਤ ਸਿੰਘ ਦੀ ਜਾਂਚ ਰਿਪੋਰਟ ਵਿੱਚ ਆਪਣੇ ਪੁਰ ਲਾਏ ਗਏ ਦੋਸ਼ਾਂ ਨੂੰ ਨਕਾਰਦਿਆਂ, ਜਿਥੇ ਉਨ੍ਹਾਂ ਦੋਸ਼ਾਂ ਨੂੰ ਕਾਂਗ੍ਰਸ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਰੁੱਧ ਸੋਚੀ-ਸਮਝੀ ਸਾਜ਼ਿਸ਼ ਕਰਾਰ ਦਿੱਤਾ, ਉਥੇ ਹੀ ਕਾਂਗ੍ਰਸ ਪੁਰ ਇਹ ਦੋਸ਼ ਵੀ ਲਾਇਆ ਕਿ ਉਹ ਗੁਰਦੁਆਰਿਆਂ ਪੁਰ ਕਬਜ਼ਾ ਕਰ, ਨੀਲਾਤਾਰਾ ਸਾਕੇ ਅਤੇ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਕਲੀਨ ਚਿਟ ਦੇਣਾ ਚਾਹੁੰਦੀ ਹੈ। ਉਹ ਇਹ ਦਾਅਵਾ ਵੀ ਕਰਦੇ ਆ ਰਹੇ ਹਨ ਕਿ ਗੁਰਦੁਆਰਿਆਂ ਪੁਰ ‘ਕਬਜ਼ਾ’ ਕਰੀ ਰਖਣਾ ਸ਼੍ਰੋਮਣੀ ਅਕਾਲੀ ਦਲ ਦਾ ਜਨਮ-ਸਿੱਧ ਅਧਿਕਾਰ ਹੈ। ਉਨ੍ਹਾਂ ਦੇ ਦਲ ਲਈ ਗੁਰਦੁਆਰਾ ਚੋਣਾਂ ਜਿਤਨੀਆਂ ਮਹੱਤਵਪੂਰਣ ਹਨ, ਉਤਨੀਆਂ ਮਹਤੱਵਪੁਰਣ ਵਿਧਾਨਸਭਾ ਜਾਂ ਲੋਕਸਭਾ ਦੀਆਂ ਚੋਣਾਂ ਨਹੀਂ। ਸ. ਬਾਦਲ ਗੁਰਦੁਆਰਾ ਪ੍ਰਬੰਧ ਪੁਰ ਆਪਣੇ ਦਲ ਦਾ ਜਨਮ-ਸਿੱਧ ਅਧਿਕਾਰ ਹੋਣ ਦਾ ਦਾਅਵਾ ਤਾਂ ਕਰਦੇ ਹਨ, ਪ੍ਰੰਤੂ ਸਵਾਲ ਇਹ ਉਠਦਾ ਹੈ ਕਿ ਦਹਾਕਿਆਂ ਤੋਂ ਗੁਰਦੁਆਰਾ ਪ੍ਰਬੰਧ ਪੁਰ ਆਪਣੇ ਦਲ ਦਾ ਕਬਜ਼ਾ ਬਣਾਈ ਰਖਦਿਆਂ ਚਲੇ ਆਉਣ ਦੇ ਬਾਵਜੂਦ ਕੀ ਉਨ੍ਹਾਂ ਦਾ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਪ੍ਰਬੰਧ-ਅਧੀਨ ਗੁਰਦੁਆਰਿਆਂ ਦੀ ਪਵਿਤ੍ਰਤਾ ਕਾਇਮ ਰਖਦਿਆਂ, ਉਨ੍ਹਾਂ ਵਿਚਲੀਆਂ ਸਥਾਪਤ ਮਰਿਆਦਾਵਾਂ, ਪਰੰਪਰਾਵਾਂ ਅਤੇ ਮਾਨਤਾਵਾਂ ਦੇ ਪਾਲਣ ਪ੍ਰਤਿ ਨਿਸ਼ਠਾਵਾਨ ਬਣਾਈ ਰਖਣ ਵਿਚ ਸਫਲ ਹੋਇਆ ਹੈ ਜਾਂ ਉਹ ਇਨ੍ਹਾਂ ਆਦਰਸ਼ਾਂ ਨੂੰ ਕਾਇਮ ਰਖਣ ਲਈ ਉਸਨੂੰ ਸਹਿਯੋਗ ਕਰਨ ਦੀ ਆਪਣੀ ਜ਼ਿਮੇਂਦਾਰੀ ਨਿਭਾਉਣ ਪ੍ਰਤੀ ਇਮਾਨਦਾਰ ਰਿਹਾ ਹੈ? ਜਾਂ ਉਸਦੇ ਮੁੱਖੀ ਰਾਜਨੀਤੀ ਵਿੱਚ ਆਪਣੇ ਆਪਨੂੰ ਸਥਾਪਤ ਕਰਨ ਅਤੇ ਕੀਤੀ ਰਖਣ ਲਈ ਉਸਦਾ ਅਤੇ ਉਸਦੇ ਸਾਧਨਾਂ ਦੀ ਵਰਤੋਂ ਕਰਦੇ ਚਲੇ ਆ ਰਹੇ ਹਨ? ਇਸੇ ਸਥਿਤੀ ਦਾ ਨਤੀਜਾ ਇਹ ਹੋ ਰਿਹਾ ਹੈ ਕਿ ਉਸਦੇ ਸਹਿਯੋਗੀ ਉਸੇ ਦੀ ਧਾਰਮਕ ਸਟੇਜ ਪੁਰ ਆ ਸਿੱਖ ਇਤਿਹਾਸ ਦੀਆਂ ਸਥਾਪਤ ਮਾਨਤਾਵਾਂ ਨੂੰ ਆਪਣੇ ਹਿਤਾਂ ਅਨੁਸਾਰ ਢਾਲ ਪੇਸ਼ ਕਰਨ ਦਾ ਸਾਹਸ ਕਰਦੇ ਚਲੇ ਆਉਣ ਲਗੇ ਹਨ।

**...ਅਤੇ ਅੰਤ ਵਿੱਚ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖੀ ਪ੍ਰਚਾਰ-ਪ੍ਰਸਾਰ ਪ੍ਰਤੀ ਅਪਨਾਈ ਗਈ ਹੋਈ ਅਣਗਹਿਲੀ ਦੀ ਨੀਤੀ ਦਾ ਹੀ ਨਤੀਜਾ ਹੈ ਕਿ ਉਸਦੀ ਨਕ ਹੇਠ ਹੀ ਅੰਮ੍ਰਿਤਸਰ ਦੇ ਆਸਪਾਸ ਦੇ ਇਲਾਕਿਆਂ ਵਿੱਚ ਕਈ ਸਾਬਤ-ਸੂਰਤ ਸਿੱਖ ਆਪਣੇ ਗਲ ਵਿੱਚ ਈਸਾਈਅਤ ਦਾ ਚਿੰਨ੍ਹ ‘ਕ੍ਰਾਸ’ ਲਟਕਾਈ ਨਜ਼ਰ ਆਉਣ ਲਗੇ ਹਨ।

DIXIE
Registered Private Career College
TRUCK & FORKLIFT DRIVING SCHOOL
CLASS A, Z & FORKLIFT TRAINING
Contact Us for Great Results, Early Road Tests & Flexible Timing
- Special Training For Nervous Drivers
- Lady Instructor Available
- One to One Training
Forklift $79
Air Brake
Truck Driving Course
○ Counter Balance ○ Order Picker
○ Raymond Reach ○ Walkie
○ Cheery Picker
AIR BRAKES CLASSES EVERY WED - THURS & SAT - SUN
Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

SimConnect FREIGHT MANAGEMENT
HIRING OWNER OPERATORS FOR LAREDO TX & MIDWEST LANES
ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ
Owner Operator up to 1.65 Per miles
Company Drivers : Solo/Team : upto .65 Cents Per Mile
Sim Connect Freight Management
24 Hrs Dispatch
Ph: (905)915-1805/(905)799-8822
3380 Airway Dr Mississauga Ontario L4T1V3

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana Sales Rep.
FOR SALE $645,000 Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
FOR SALE $799,900 Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
FOR SALE Photo Not Available $3,249,000 Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
FOR SALE $859,900 Bramalea/Sandalwood
4 ਬੈਡਰੂਮ, 3 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, ਪਾਈ ਸ਼ੇਪ ਲੌਟ, ਪੋਟ ਲਾਈਟ, ਸੀਰਾਮਿਕ ਫਲੋਰ, ਰੂਫ ਸ਼ਿੰਗਲ 2015 ਵਿਚ ਬਦਲੇ ਹਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ






# ਸਾਲ 2002 ਦੀ ਚੋਣ ਪਟੀਸ਼ਨ ਦੇ ਕੇਸ ਵਿੱਚ ਕੈਪਟਨ ਅਮਰਿੰਦਰ ਹਾਈ ਕੋਰਟ ਵਿੱਚ ਪੇਸ਼

ਚੰਡੀਗੜ੍ਹ, 18 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਾਲ 2002 ਦੀ ਇੱਕ ਚੋਣ ਪਟੀਸ਼ਨ ਦੀ ਸੁਣਵਾਈ ਦੌਰਾਨ ਕੱਲ੍ਹ ਹਾਈ ਕੋਰਟ ਵਿੱਚ ਪੇਸ਼ ਹੋਏ। ਇਸ ਮੌਕੇ ਹਾਈ ਕੋਰਟ ਨੇ ਕੈਪਟਨ ਅਮਰਿੰਦਰ ਸਿੰਘ ਤੋਂ ਸਾਲ 2002 ਦੀਆਂ ਵਿਧਾਨ ਸਭਾ ਚੋਣਾਂ ਨਾਲ ਜੁੜੀ ਜਾਣਕਾਰੀ ਮੰਗੀ। ਕੈਪਟਨ ਕੋਰਟ ਵਿੱਚ ਲਗਭਗ 10 ਮਿੰਟ ਤੱਕ ਮੌਜੂਦ ਰਹੇ। ਇਸ ਕੇਸ ਬਾਰੇ 28 ਨਵੰਬਰ ਨੂੰ ਅਗਲੀ ਸੁਣਵਾਈ ਹੋਵੇਗੀ।

ਵਰਨਣ ਯੋਗ ਹੈ ਕਿ ਸਾਲ 2002 ਵਿੱਚ ਇੱਕ ਚੋਣ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਚੋਣ ਨੂੰ ਚੁਣੌਤੀ ਦਿੱਤੀ ਗਈ ਸੀ। ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਅਮਰਿਦਰ ਸਿੰਘ ਦੀ ਸਾਲ 2002 ਵਿੱਚ ਪਟਿਆਲਾ ਚੋਣ ਹਲਕੇ ਤੋਂ ਹੋਈ ਜਿੱਤ ਨੂੰ ਪਟੀਸ਼ਨਰ ਹਰਕੀਰਤ ਸਿੰਘ ਨੇ ਇਹ ਪਟੀਸ਼ਨ ਦਾਇਰ ਕੀਤੀ ਸੀ। ਹਰਕੀਰਤ ਸਿੰਘ ਇੱਕ ਵੋਟਰ ਸਨ ਅਤੇ ਚੋਣਾਂ ਵਿੱਚ ਭ੍ਰਿਸ਼ਟ ਗਤੀਵਿਧੀਆਂ ਦਾ ਦੋਸ਼ ਲਾ ਕੇ ਪਟੀਸ਼ਨ ਦਰਜ ਕੀਤੀ ਸੀ, ਜਿਸ ਦੀ ਅਜੇ ਤੱਕ ਸੁਣਵਾਈ ਚੱਲ ਰਹੀ ਹੈ।

ਕੱਲ੍ਹ ਕੇਸ ਦੀ ਸੁਣਵਾਈ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਹਾਈ ਕੋਰਟ ਵਿੱਚ ਪੱਤਰਕਾਰਾਂ ਵੱਲੋਂ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ 'ਚ ਪੜ੍ਹਦੇ ਕਸ਼ਮੀਰੀ ਵਿਦਿਆਰਥੀਆਂ ਦੀ ਵੈਰੀਫਿਕੇਸ਼ਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਜੇ ਪੁਲਸ ਕੋਲ ਕੋਈ ਸਪੈਸੀਫਿਕ ਇਨਫਰਮੇਸ਼ਨ ਹੋਵੇ ਕਿ ਕੋਈ ਵਿਦਿਆਰਥੀ ਕਿਸੇ ਅੱਤਵਾਦੀ ਸੰਗਠਨ ਨਾਲ ਜੁੜਿਆ ਹੋਇਆ ਹੈ ਜਾਂ ਸ਼ੱਕੀ ਗਤੀਵਿਧੀ ਵਿੱਚ ਸ਼ਾਮਲ ਹੈ, ਉਦੋਂ ਵੈਰੀਫਿਕੇਸ਼ਨ ਕੀਤੀ ਜਾਵੇਗੀ। ਉਂਝ ਵਿਦਿਆਰਥੀਆਂ ਦੀ ਕੋਈ ਵੈਰੀਫਿਕੇਸ਼ਨ ਨਹੀਂ ਹੋਵੇਗੀ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਲੁਧਿਆਣਾ ਦੇ ਬੁੱਢੇ ਨਾਲੇ ਨੂੰ ਗੰਦੇ ਪਾਣੀ ਤੋਂ ਆਜ਼ਾਦ ਕਰਾਉਣ ਲਈ ਨਾਮਧਾਰੀ ਬਾਬਾ ਉਦੈ ਸਿੰਘ ਦੀ ਅਗਵਾਈ ਵਿੱਚ ਵਿਸ਼ੇਸ਼ ਟਾਸਕ ਫੋਰਸ ਬਣਾਈ ਗਈ ਹੈ, ਸਰਕਾਰ ਉਨ੍ਹਾਂ ਨਾਲ ਮਿਲ ਕੇ ਕੰਮ ਕਰੇਗੀ ਤੇ ਰਿਪੋਰਟ ਪੇਸ਼ ਕੀਤੀ ਜਾਵੇਗੀ।

## ਹਾਈ ਕੋਰਟ ਦਾ ਹੁਕਮ

# ਦੀਵਾਲੀ ਤੇ ਗੁਰਪੁਰਬ ਉੱਤੇ ਸਿਰਫ ਤਿੰਨ ਘੰਟੇ ਪਟਾਕੇ ਚੱਲਣਗੇ

ਚੰਡੀਗੜ੍ਹ, 18 ਅਕਤੂਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਤਿਉਹਾਰਾਂ 'ਤੇ ਪਟਾਕਿਆਂ ਦੀ ਬਹੁਤ ਜ਼ਿਆਦਾ ਵਰਤੋਂ ਨਾਲ ਹੋਣ ਵਾਲੇ ਪ੍ਰਦੂਸ਼ਣ ਨੂੰ ਦੇਖ ਕੇ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਲਈ ਅਹਿਮ ਹੁਕਮ ਜਾਰੀ ਕੀਤੇ ਹਨ। ਚੀਫ ਜਸਟਿਸ ਦੀ ਅਗਵਾਈ ਵਾਲੇ ਡਵੀਜ਼ਨ ਬੈਂਚ ਨੇ ਹੁਕਮਾਂ ਵਿੱਚ ਸਾਫ ਕੀਤਾ ਹੈ ਕਿ ਦੀਵਾਲੀ ਤੇ ਗੁਰਪੁਰਬ 'ਤੇ ਸ਼ਾਮ ਸਾਢੇ ਛੇ ਤੋਂ ਰਾਤ ਸਾਢੇ ਨੌਂ ਵਜੇ ਤੱਕ ਤਿੰਨ ਘੰਟੇ ਹੀ ਪਟਾਕੇ ਚਲਾਏ ਜਾਣਗੇ।



ਹਾਈ ਕੋਰਟ ਨੇ ਦੀਵਾਲੀ ਅਤੇ ਗੁਰ-ਪੁਰਬ 'ਤੇ ਪਟਾਕਿਆਂ ਨੂੰ ਵੇਚਣ ਤੇ ਚਲਾਉਣ 'ਤੇ ਬੀਤੇ ਸਾਲ 13 ਅਕਤੂਬਰ ਦੇ ਪਿਛਲੇ ਹੁਕਮ ਕਾਇਮ ਰੱਖੇ ਹਨ। ਇਸ ਹੇਠ ਸਾਲ 2016 'ਚ ਪਟਾਕਿਆਂ ਦੀ ਸੇਲ ਮੁਤਾਬਕ 20 ਫੀਸਦੀ ਲਾਇਸੰਸ ਜਾਰੀ ਕੀਤੇ ਜਾਣਗੇ। ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਨੂੰ ਇਨ੍ਹਾਂ ਹੁਕਮਾਂ ਦਾ ਸਖਤੀ ਨਾਲ ਪਾਲਣ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਲਾਇਸੰਸ ਜਾਰੀ ਕਰਨ ਬਾਰੇ ਡਰਾਅ ਆਫ ਲਾਟਸ ਜ਼ਿਲ੍ਹਿਆਂ ਦੇ ਡੀ ਸੀ ਵੱਲੋਂ ਕੱਢੇ ਜਾਣਗੇ। ਦੋਵੇਂ ਰਾਜ ਅਤੇ ਚੰਡੀਗੜ੍ਹ ਟੈਂਪਰੇਰੀ ਲਾਇਸੈਂਸ ਜਾਰੀ ਕਰਨ ਲਈ 22 ਅਕਤੂਬਰ ਨੂੰ ਪਬਲਿਕ ਨੋਟਿਸ ਜਾਰੀ ਕਰਨਗੇ ਤੇ ਫਿਰ 26 ਅਕਤੂਬਰ ਤੱਕ ਅਰਜ਼ੀਆਂ ਲੈ ਕੇ 29 ਅਕਤੂਬਰ ਨੂੰ ਡਰਾਅ ਕੱਢਣਗੇ। ਡਿਪਟੀ ਕਮਿਸ਼ਨਰਜ਼ ਲਾਇਸੰਸ ਧਾਰਕਾਂ ਲਈ ਪਟਾਕੇ ਵੇਚਣ ਦੀ ਜਗ੍ਹਾ ਤੈਅ ਕਰਨਗੇ। ਕੇਸ ਦੀ ਸੁਣਵਾਈ ਦੌਰਾਨ ਮਾਮਲੇ 'ਚ ਐਮਿਕਸ ਕਿਊਰੀ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਕਿਹਾ ਕਿ ਪਾਲਿਊਸ਼ਨ ਨੂੰ ਦੇਖਦਿਆਂ ਅਜਿਹੇ ਉਪਾਅ ਹੋਣੇ ਚਾਹੀਦੇ ਹਨ। ਉਨ੍ਹਾਂ ਨੇ ਪਟਾਕਿਆਂ ਨੂੰ ਬੈਨ ਕੀਤੇ ਜਾਣ ਦੀ ਵਕਾਲਤ ਕੀਤੀ। ਇਸ ਕੇਸ ਦੀ ਅਗਲੀ ਸੁਣਵਾਈ 22 ਜਨਵਰੀ ਨੂੰ ਹੋਵੇਗੀ।

# ਹਰਸਿਮਰਤ ਕੌਰ ਬਾਦਲ ਉੱਤੇ ਪੇਕਿਆਂ ਵੱਲੋਂ ਸੌਗਾਤਾਂ ਦੀ ਵਾਛੜ

ਬਠਿੰਡਾ, 18 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਵਿਹੜੇ 'ਚ ਤੋਹਫੇ ਛੱਪਰ ਪਾੜ ਕੇ ਡਿੱਗੇ ਹਨ। ਪਤਾ ਲੱਗਾ ਹੈ ਕਿ ਬੀਬੀ ਬਾਦਲ ਕੋਲ ਏਨਾ ਸੋਨਾ ਹੈ ਜਿੰਨਾ ਕਿਸੇ ਗਰੀਬ ਦੇ ਪੀਪੇ 'ਚ ਆਟਾ ਨਹੀਂ ਹੁੰਦਾ। ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਨੇ 'ਮਜੀਠੀਆ ਪਰਵਾਰ' ਦੇ ਮਾਲੀ ਪਿਛੋਕੜ 'ਤੇ ਵਿਅੰਗ ਕੱਸੇ ਸਨ, ਪ੍ਰੰਤੂ ਮਜੀਠੀਆ ਪਰਵਾਰ ਨੇ ਆਪਣੀ ਧੀ ਹਰਸਿਮਰਤ ਨੂੰ 2017-18 ਦੌਰਾਨ ਕਰੋੜਾਂ ਰੁਪਏ ਦਾ ਤੋਹਫਾ ਦਿੱਤਾ ਹੈ। ਹਰਸਿਮਰਤ ਕੌਰ ਨੂੰ ਆਪਣੇ ਮਾਪਿਆਂ ਤੋਂ ਕਰੀਬ 19 ਏਕੜ ਬਹੁਕੀਮਤੀ ਜ਼ਮੀਨ ਵੀ ਤੋਹਫੇ ਵਿੱਚ ਮਿਲੀ ਹੈ।

ਪ੍ਰਧਾਨ ਮੰਤਰੀ ਦਫਤਰ ਕੋਲ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਜੋ ਸਾਲ 2017-18 ਦੇ ਸੰਪਤੀ ਦੇ ਵੇਰਵੇ ਪੇਸ਼ ਕੀਤੇ ਹਨ, ਉਨ੍ਹਾਂ ਅਨੁਸਾਰ ਸਤਿਆਜੀਤ ਸਿੰਘ ਮਜੀਠੀਆ, ਗੁਰਮੇਹਰ ਸਿੰਘ ਮਜੀਠੀਆ ਤੇ ਬਿਕਰਮ ਸਿੰਘ ਨੇ 153 ਕਨਾਲਾਂ 12 ਮਰਲੇ ਦੀ 'ਗਿਫਟ ਡੀਡ' 11 ਅਕਤੂਬਰ 2017 ਅਤੇ 21 ਦਸੰਬਰ 2017 ਨੂੰ ਹਰਸਿਮਰਤ ਕੌਰ ਬਾਦਲ ਦੇ ਨਾਮ ਕਰਾਈ ਹੈ। ਜ਼ਿਲਾ ਸਿਰਸਾ (ਹਰਿਆਣਾ) ਦੇ ਰਾਣੀਆ ਵਿੱਚ ਬੀਬਾ ਬਾਦਲ ਦੇ ਨਾਮ 'ਤੇ ਕਰੀਬ ਪੌਣੇ 31 ਏਕੜ ਖੇਤੀ ਵਾਲੀ ਜ਼ਮੀਨ ਹੈ। ਇਸ ਕੇਂਦਰੀ ਮੰਤਰੀ ਬੀਬੀ ਦੇ ਨਾਮ ਇਕ 'ਗਿਫਟ ਡੀਡ' 20 ਅਕਤੂਬਰ 2016 ਨੂੰ 255 ਕਨਾਲ 12 ਮਰਲੇ ਦੀ ਹੋਈ ਸੀ। ਦੋ ਸਾਲ ਪਹਿਲਾਂ ਤੱਕ ਉਨ੍ਹਾਂ ਦੇ ਨਾਮ 'ਤੇ ਖੇਤੀ ਵਾਲੀ ਕੋਈ ਜ਼ਮੀਨ ਨਹੀਂ ਸੀ। ਮਿਲੇ ਵੇਰਵੇ ਅਨੁਸਾਰ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ 2017-18 ਵਿੱਚ ਆਪਣੀ ਧੀ ਗੁਰਲੀਨ ਕੌਰ ਨੂੰ 20 ਏਕੜ ਦਾ ਤੋਹਫਾ ਦਿੱਤਾ ਹੈ। ਉਨ੍ਹਾ ਨੇ 20 ਸਤੰਬਰ 2017 ਅਤੇ 31 ਅਕਤੂਬਰ 2017 ਨੂੰ 'ਗਿਫਟ ਡੀਡ' ਨਾਲ ਆਪਣੀ ਧੀ ਨੂੰ 162 ਏਕੜ 18 ਮਰਲੇ ਜ਼ਮੀਨ ਸੌਗਾਤ ਦਿੱਤੀ ਸੀ।



ਹਰਸਿਮਰਤ ਨੂੰ ਸਭ ਤੋਂ ਪਹਿਲਾਂ ਆਪਣੀ ਸੱਸ ਮਰਹੂਮ ਸੁਰਿੰਦਰ ਕੌਰ ਬਾਦਲ ਤੋਂ ਵਸੀਅਤ ਰਾਹੀਂ ਗਹਿਣੇ ਮਿਲੇ ਸਨ। ਇਸ ਵੇਲੇ ਬੀਬੀ ਕੋਲ ਕਰੀਬ 21.5 ਕਿਲੋਗ੍ਰਾਮ ਸੋਨੇ ਦੇ ਗਹਿਣੇ ਹਨ, ਜਿਨ੍ਹਾਂ ਦੀ ਕੀਮਤ 7.03 ਕਰੋੜ ਰੁਪਏ ਹੈ। ਪਤਾ ਲੱਗਾ ਹੈ ਕਿ ਬੀਬੀ ਬਾਦਲ ਨੇ ਸਭਨਾਂ ਕੇਂਦਰੀ ਮਹਿਲਾ ਵਜ਼ੀਰਾਂ ਨੂੰ ਸੋਨੇ ਦੇ ਮਾਮਲੇ 'ਚ ਪਿੱਛੇ ਛੱਡ ਦਿੱਤਾ ਹੈ। ਮੇਨਕਾ ਗਾਂਧੀ ਕੋਲ ਸਵਾ ਕਰੋੜ ਰੁਪਏ ਦੇ ਗਹਿਣੇ ਹਨ। ਬੀਬੀ ਬਾਦਲ ਜਦੋਂ ਕੇਂਦਰੀ ਮੰਤਰੀ ਬਣੀ ਤਾਂ ਉਨ੍ਹਾਂ ਕੋਲ 5.40 ਕਰੋੜ ਦੀ ਜਿਊਲਰੀ ਸੀ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਾਲ 2014-15 ਦੌਰਾਨ ਬੀਬੀ ਬਾਦਲ ਨੂੰ 11.92 ਕਰੋੜ ਰੁਪਏ ਦੇ ਔਰਬਿਟ ਰਿਜ਼ੌਰਟ ਦੇ ਸ਼ੇਅਰ ਵੀ ਗਿਫਟ ਕੀਤੇ ਸਨ।

## ਕੁਲਥਮ ਫੈਸ਼ਨ ਕੇਅਰ ਅਤੇ ਕੁਲਥਮ ਹੱਟੀ ਵਲੋਂ 1.80 ਕਰੋੜ ਸਰੰਡਰ

ਜਲੰਧਰ, 18 ਅਕਤੂਬਰ (ਪੋਸਟ ਬਿਊਰੋ)- ਇਨਕਮ ਟੈਕਸ ਵਿਭਾਗ ਦੇ ਪ੍ਰਿੰਸੀਪਲ ਕਮਿਸ਼ਨਰ ਡਾਕਟਰ ਸਿੰਮੀ ਗੁਪਤਾ ਦੇ ਹੁਕਮ ਉੱਤੇ ਕੱਲ੍ਹ ਫਗਵਾੜਾ ਦੀ ਕੁਲਥਮ ਫੈਸ਼ਨ ਕੇਅਰ ਅਤੇ ਕੁਲਥਮ ਦੀ ਹੱਟੀ 'ਤੇ ਵਿਭਾਗੀ ਸਰਵੇ ਹੋਇਆ, ਜਿਸ ਵਿੱਚ ਦੋਵੇਂ ਫਰਮਾਂ ਵਿੱਚ ਸਟਾਕਸ ਅਤੇ ਇਨਕਮ ਰਿਟਰਨ ਦੀ ਬੇਨਿਯਮੀ ਪਾਈ ਗਈ। ਸਰਵੇ ਤੋਂ ਬਾਅਦ ਦੋਵੇਂ ਫਰਮਾਂ ਨੇ ਵਿਭਾਗ ਕੋਲ 1.80 ਕਰੋੜ ਦੀ ਰਾਸ਼ੀ ਸਰੰਡਰ ਕੀਤੀ ਹੈ। ਜੁਆਇੰਟ ਕਮਿਸ਼ਨਰ ਲਲਿਤ ਮੋਹਨ ਜਿੰਦਲ ਦੀ ਅਗਵਾਈ ਵਿੱਚ ਸ਼ਾਹਕੋਟ ਦੇ ਦੁੱਗਲ ਬ੍ਰਦਰਜ਼ ਫਰਮ ਉਤੇ ਵੀ ਛਾਪੇਮਾਰੀ ਹੋਈ। ਇਥੇ ਵੀ ਸਟਾਕ ਡਿਫਰੈਂਸ ਅਤੇ ਵੱਖ-ਵੱਖ ਪ੍ਰਾਪਰਟੀ ਇਨਵੈਸਟਮੈਂਟ ਮੁੱਖ ਕਾਰਨ ਸਨ। ਉਕਤ ਫਰਮ ਨੇ ਵਿਭਾਗ ਨੂੰ ਇੱਕ ਕਰੋੜ ਰੁਪਏ ਸਰੰਡਰ ਕੀਤੇ ਹਨ। ਅਜੇ ਉਕਤ ਫਰਮਾਂ ਨੂੰ ਸਰੰਡਰ ਕੀਤੀ ਉਕਤ ਰਾਸ਼ੀ 'ਤੇ ਬਣਦਾ ਟੈਕਸ ਵੀ ਵਿਭਾਗ ਨੂੰ ਅਦਾ ਕਰਨਾ ਹੋਵੇਗਾ। ਪ੍ਰਿੰਸੀਪਲ ਕਮਿਸ਼ਨਰ ਡਾਕਟਰ ਸਿੰਮੀ ਗੁਪਤਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਨਕਮ ਟੈਕਸ ਵਿਭਾਗ ਦੀ ਨਜ਼ਰ ਹਰ ਲੈਣ-ਦੇਣ 'ਤੇ ਹੈ।

# ਸੋਸ਼ਲ ਮੀਡੀਆ ਰਾਹੀਂ ਜਰਮਨ ਸਿੰਘ ਖਾਲਿਸਤਾਨੀ ਪ੍ਰਚਾਰ ਕਰਦਾ ਰਿਹਾ

ਬਠਿੰਡਾ, 18 ਅਕਤੂਬਰ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਰੈਲੀ ਦੌਰਾਨ ਹਮਲਾ ਕਰਨ ਦੀ ਸਾਜ਼ਿਸ਼ ਰਚਣ ਵਾਲੇ ਜਰਮਨ ਸਿੰਘ ਦੀ ਫੇਸਬੁਕ ਨੂੰ ਫੋਲਣ 'ਤੇ ਉੱਤਰ ਪ੍ਰਦੇਸ਼ ਦੇ ਜ਼ਿਲਾ ਸ਼ਾਮਲੀ ਦੀ ਪੁਲਸ ਨੂੰ ਕਈ ਇਤਰਾਜ਼ ਯੋਗ ਪੋਸਟ ਮਿਲੀਆਂ ਹਨ, ਜਿਨ੍ਹਾਂ ਨਾਲ ਜਰਮਨ ਸਿੰਘ ਲਗਾਤਾਰ ਖਾਲਿਸਤਾਨੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਦੇ ਨਾਲ ਬਰਗਾੜੀ ਮੋਰਚੇ ਵਿਚਲੀ ਹਰ ਐਕਟੀਵਿਟੀ ਨਾਲ ਜੁੜਿਆ ਹੋਇਆ ਸੀ। ਇਸ ਪਿੱਛੋਂ ਸ਼ਾਮਲੀ ਪੁਲਸ ਨੇ ਜਰਮਨ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਦਰਜ ਕੇਸ ਵਿੱਚ ਅਨਲਾਫੁੱਲ ਐਕਟੀਵਿਟੀ ਐਕਟ ਦੀ ਧਾਰਾ ਵੀ ਜੋੜ ਦਿੱਤੀ ਅਤੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਉਸ ਦੀ ਜਾਂਚ ਡਿਪਟੀ ਐੱਸ ਪੀ ਰਾਜੇਸ਼ ਕੁਮਾਰ ਤਿਵਾੜੀ ਨੂੰ ਸੌਂਪ ਦਿੱਤੀ ਹੈ।



ਫਿਲਹਾਲ ਜਰਮਨ ਸਿੰਘ ਆਪਣੇ ਇੱਕ ਸਾਥੀ ਸਮੇਤ ਫਰਾਰ ਹੈ। 30 ਸਤੰਬਰ ਦੇ ਬਾਅਦ ਤੋਂ ਉਸ ਨੇ ਆਪਣੀ ਫੇਸਬੁਕ ਵੀ ਅਪਡੇਟ ਨਹੀਂ ਕੀਤੀ। ਜਰਮਨ ਦੇ ਗ੍ਰਿਫਤਾਰ ਕੀਤੇ ਗਏ ਸਾਥੀਆਂ ਤੋਂ ਪੁੱਛਗਿੱਛ ਵਿੱਚ ਸਾਹਮਣੇ ਆਇਆ ਹੈ ਕਿ ਜਰਮਨ ਸਿੰਘ ਕੋਲ ਅਜੇ ਹੋਰ ਵੀ ਖਤਰਨਾਕ ਹਥਿਆਰ ਹਨ, ਜੋ ਉਸ ਨੇ ਪੰਜਾਬ ਦੇ ਜ਼ਿਲ੍ਹਾ ਰੋਪੜ ਦੇ ਕੋਲ ਇੱਕ ਪਿੰਡ ਵਿੱਚ ਲੁਕਾ ਕੇ ਰੱਖੇ ਹੋਏ ਹਨ। ਇਸ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਜੇ ਉਨ੍ਹਾਂ ਨੂੰ ਹਿੰਦੂ ਤੇ ਸਿੱਖਾਂ ਦੀ ਭਾਈਚਾਰੇ ਦੀ ਸਾਂਝ ਮਜ਼ਬੂਤ ਕਰਨ ਲਈ ਜਾਨ ਕੁਰਬਾਨ ਵੀ ਕਰਨੀ ਪਏ ਤਾਂ ਉਹ ਇਸ ਨੂੰ ਇੱਕ ਵੱਡਾ ਸਨਮਾਨ ਸਮਝਣਗੇ। ਉਨ੍ਹਾਂ ਨੇ ਕਿਹਾ ਕਿ ਇਹ ਉਹ ਅਨਸਰ ਹਨ, ਜਿਨ੍ਹਾਂ ਨੂੰ ਹਮੇਸ਼ਾ ਤੋਂ ਕਾਂਗਰਸ ਦਾ ਸਮਰਥਨ ਰਿਹਾ ਅਤੇ ਕਾਂਗਰਸ ਦੇ ਸੱਤਾ ਵਿੱਚ ਆਉਣ ਨਾਲ ਇਹ ਦੋਬਾਰਾ ਸਰਗਰਮ ਹੋਏ ਹਨ।

ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੇਸ਼ ਕੀਤੀ ਸੁਰੱਖਿਆ ਛਤਰੀ ਦੀ ਲੋੜ ਨਹੀਂ। ਬਾਦਲ ਨੇ ਕਿਹਾ ਕਿ ਮੈਨੂੰ ਸੁਰੱਖਿਆ ਦੀ ਪੇਸ਼ਕਸ਼ ਕਰਨ ਵਰਗੀਆਂ ਚਾਲਾਂ ਚੱਲਣ ਦੀ ਜਗ੍ਹਾ ਮੁੱਖ ਮੰਤਰੀ ਨੂੰ ਸ਼ਾਂਤੀ ਅਤੇ ਫਿਰਕੂ ਸਾਂਝ ਨੂੰ ਬਚਾਉਣ ਅਤੇ ਸੂਬੇ ਨੂੰ ਖਤਰਨਾਕ ਅਰਾਜਕਤਾ ਵੱਲ ਧਕੇਲੇ ਜਾਣ ਤੋਂ ਰੋਕਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

# ਪਿਸਤੌਲ ਦਿਖਾ ਕੇ ਕਾਰ ਸਵਾਰ ਤੋਂ ਡੇਢ ਲੱਖ ਰੁਪਏ ਲੁੱਟੇ ਗਏ

ਜੰਡਿਆਲਾ ਗੁਰੂ, 18 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਜੰਡਿਆਲਾ ਤਰਨ ਤਾਰਨ ਬਾਈਪਾਸ 'ਤੇ ਗ੍ਰੇਸ ਪਬਲਿਕ ਸਕੂਲ ਕੋਲ ਤਿੰਨ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਇਕ ਕਾਰ ਸਵਾਰ ਵਪਾਰੀ ਨੂੰ ਰੋਕ ਕੇ ਉਸ ਕੋਲੋਂ ਪਿਸਤੌਲ ਦੀ ਨੋਕ 'ਤੇ ਡੇਢ ਲੱਖ ਰੁਪਏ ਖੋਹ ਲਏ ਅਤੇ ਫਰਾਰ ਹੋ ਗਏ।



ਲੁੱਟ ਦਾ ਸ਼ਿਕਾਰ ਹੋਏ ਪੰਡਿਤ ਰਾਕੇਸ਼ ਕੁਮਾਰ ਵਾਸੀ ਅੰਮ੍ਰਿਤਸਰ ਨੇ ਦੱਸਿਆ ਕਿ ਉਸ ਦਾ ਜੰਡਿਆਲਾ ਗੁਰੂ ਵਿੱਚ ਕਬਾੜ ਦਾ ਕਾਰੋਬਾਰ ਹੈ ਅਤੇ ਉਸ ਦਾ ਗੁਦਾਮ ਬਾਜ਼ਾਰ ਕਸ਼ਮੀਰੀਆਂ ਵਿੱਚ ਹੈ। ਉਹ ਦੁਪਹਿਰ ਵੇਲੇ ਆਪਣੀ ਗੱਡੀ ਵਿੱਚ ਅੰਮ੍ਰਿਤਸਰ ਤੋਂ ਜੰਡਿਆਲਾ ਗੁਰੂ ਵਾਪਸ ਆ ਰਿਹਾ ਸੀ ਕਿ ਤਰਨ ਤਾਰਨ ਬਾਈਪਾਸ ਉੱਤੇ ਗ੍ਰੇਸ ਪਬਲਿਕ ਸਕੂਲ ਕੋਲ ਤਿੰਨ ਅਣਪਛਾਤੇ ਬਿਨਾ ਨੰਬਰ ਵਾਲੇ ਮੋਟਰ ਸਾਈਕਲ ਸਵਾਰਾਂ ਨੇ ਪਿਸਤੌਲ ਦੀ ਨੋਕ ਉਤੇ ਉਸ ਦੀ ਗੱਡੀ ਰੋਕ ਕੇ ਕਾਰ ਦੇ ਅੱਗਲੇ ਖੱਬੇ ਟਾਇਰ ਵਿੱਚ ਦੋ ਗੋਲੀਆਂ ਮਾਰ ਕੇ ਪਾੜ ਦਿੱਤਾ ਅਤੇ ਦੋ ਗੋਲੀਆਂ ਸੜਕ 'ਤੇ ਮਾਰੀਆਂ। ਉਸ ਤੋਂ ਬਾਅਦ ਉਨ੍ਹਾਂ ਨੇ ਉਸ ਦੀ ਕਾਰ ਵਿੱਚ ਰੱਖੇ ਬੈਗ ਵਿੱਚੋਂ ਡੇਢ ਲੱਖ ਰੁਪਏ ਕੱਢੇ ਤੇ ਫਰਾਰ ਹੋ ਗਏ ਤੇ ਕਾਰ ਦੀ ਚਾਬੀ ਵੀ ਲੈ ਗਏ। ਇਸ ਮਗਰੋਂ ਉਨ੍ਹਾਂ ਘਟਨਾ ਦੀ ਜਾਣਕਾਰੀ ਪੁਲਸ ਨੂੰ ਦਿੱਤੀ। ਘਟਨਾ ਦੀ ਜਾਂਚ ਕਰਨ ਲਈ ਐਸ ਐਸ ਪੀ ਪਰਮਪਾਲ ਸਿੰਘ, ਡੀ ਐਸ ਪੀ ਡੀ ਗੁਰਪ੍ਰਤਾਪ ਸਿੰਘ ਸਹੋਤਾ ਤੇ ਐਸ ਐਚ ਓ ਜੰਡਿਆਲਾ ਗੁਰੂ ਇੰਸਪੈਕਟਰ ਰਾਜਬੀਰ ਸਿੰਘ ਪੁੱਜੇ।

## ਨੈਸ਼ਨਲ ਹਾਈਵੇ ਅਥਾਰਟੀ ਦਾ ਬੈਂਕ ਖਾਤਾ ਸੀਜ਼

ਜਲੰਧਰ, 18 ਅਕਤੂਬਰ (ਪੋਸਟ ਬਿਊਰੋ)- ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਲਈ ਐਕਵਾਇਰ ਕੀਤੀ ਗੁਰਦੁਆਰਾ ਸਾਹਿਬ ਦੀ ਜ਼ਮੀਨ ਬਦਲੇ ਇਨਹਾਂਸਮੈਂਟ ਦੀ ਰਾਸ਼ੀ ਦਾ ਭੁਗਤਾਨ ਨਾ ਕਰਨ 'ਤੇ ਅਡੀਸ਼ਨਲ ਸੈਸ਼ਨ ਜੱਜ ਸ਼ਾਮ ਲਾਲ ਦੀ ਅਦਾਲਤ ਨੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦਾ ਮਾਡਲ ਟਾਊਨ ਸਿੰਡੀਕੇਟ ਬੈਂਕ ਬਰਾਂਚ ਵਿਚਲਾ ਖਾਤਾ ਸੀਜ਼ ਕਰ ਦਿੱਤਾ ਹੈ। ਅਥਾਰਟੀ ਦੀ ਜਾਇਦਾਦ ਸੀਜ਼ ਕਰਨ ਦਾ ਇਕ ਹਫਤੇ 'ਚ ਇਹ ਦੂਜਾ ਮਾਮਲਾ ਹੈ। ਦਾਰਾਪੁਰ ਗੁਰਦੁਆਰਾ ਸਾਹਿਬ ਦੀ ਜ਼ਮੀਨ ਐਕਵਾਇਰ ਕਰਨ ਤੋਂ ਬਾਅਦ ਜੋ ਮੁਆਵਜ਼ਾ ਰਕਮ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਦਿੱਤੀ ਗਈ ਤਾਂ ਉਹ ਹੋਰ ਥਾਵਾਂ ਦੀ ਤੁਲਨਾ 'ਚ ਘੱਟ ਸੀ। ਇਸ ਦੇ ਖਿਲਾਫ ਗੁਰਦੁਆਰਾ ਸਾਹਿਬ ਦੀ ਪਟੀਸ਼ਨ 'ਤੇ ਟ੍ਰਿਬਿਊਨਲ ਨੇ ਫੈਸਲਾ ਗੁਰਦੁਆਰਾ ਸਾਹਿਬ ਦੇ ਪੱਖ 'ਚ ਦਿੱਤਾ ਸੀ।

## ਦਿਓਰ-ਭਰਜਾਈ ਨੇ ਹੱਥ ਫੜ ਕੇ ਨਹਿਰ ਵਿੱਚ ਛਾਲ ਮਾਰੀ, ਡਰ ਕੇ ਦੋਵੇਂ ਨਿਕਲ ਆਏ

ਮਾਛੀਵਾੜਾ ਸਾਹਿਬ, 18 ਅਕਤੂਬਰ (ਪੋਸਟ ਬਿਊਰੋ)- ਮਾਛੀਵਾੜਾ ਨੇੜੇ ਸਰਹਿੰਦ ਨਹਿਰ ਦੇ ਗੜ੍ਹੀ ਪੁਲ ਤੋਂ ਪ੍ਰੇਮੀ ਜੋੜੇ ਨੇ ਆਪਣਾ ਪਿਆਰ ਪ੍ਰਵਾਨ ਨਾ ਚੜ੍ਹਦਾ ਦੇਖ ਨਹਿਰ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰਨੀ ਚਾਹੀ, ਪਰ ਪਾਣੀ ਵਿੱਚ ਜਾਨ ਨਿਕਲਦੀ ਦੇਖ ਦੋਵੇਂ ਤਰ ਕੇ ਬਾਹਰ ਆ ਗਏ। ਦੋਵੇਂ ਰਿਸ਼ਤੇ ਵਿੱਚ ਦਿਓਰ-ਭਰਜਾਈ ਦੱਸੇ ਜਾ ਰਹੇ ਹਨ। ਹਲਕਾ ਸਮਰਾਲਾ ਦੇ ਇੱਕ ਪਿੰਡ ਦੇ ਨੌਜਵਾਨ ਦਾ ਵਿਆਹ ਤਿੰਨ ਮਹੀਨੇ ਪਹਿਲਾਂ ਹੋਇਆ ਸੀ, ਪ੍ਰੰਤੂ ਵਿਆਹ ਦੇ ਬਾਅਦ ਉਸ ਦੀ ਪਤਨੀ ਦੇ ਪ੍ਰੇਮ ਸੰਬੰਧ ਦਿਓਰ ਨਾਲ ਬਣ ਗਏ। ਪਤੀ ਨੂੰ ਆਪਣੇ ਭਰਾ ਅਤੇ ਪਤਨੀ ਦੇ ਪ੍ਰੇਮ ਸੰਬੰਧਾਂ ਦਾ ਪਤਾ ਲੱਗਾ ਤਾਂ ਘਰ ਵਿੱਚ ਝਗੜਾ ਰਹਿਣ ਲੱਗਾ। ਦਿਓਰ-ਭਰਜਾਈ ਨੇ ਪਿਆਰ ਸਿਰੇ ਨਾ ਚੜ੍ਹਦਾ ਦੇਖ ਕੇ ਕੱਲ੍ਹ ਸਰਹਿੰਦ ਨਹਿਰ ਦੇ ਗੜ੍ਹੀ ਪੁਲ ਦੇ ਨੇੜੇ ਇੱਕ-ਦੂਸਰੇ ਦਾ ਹੱਥ ਫੜ ਕੇ ਨਹਿਰ ਵਿੱਚ ਛਾਲ ਮਾਰ ਦਿੱਤੀ। ਜਦ ਉਹ ਦੋਵੇਂ ਡੁੱਬਣ ਲੱਗੇ ਤਾਂ ਪ੍ਰੇਮੀ, ਜਿਸ ਨੂੰ ਤਰਨਾ ਆਉਂਦਾ ਸੀ, ਨੇ ਪ੍ਰੇਮਿਕਾ ਨੂੰ ਵੀ ਹੱਥ ਫੜ ਕੇ ਬਾਹਰ ਕੱਢ ਲਿਆ। ਸੂਚਨਾ ਮਿਲਦੇ ਹੀ ਪੁਲਸ ਪਹੁੰਚ ਗਈ ਤੇ ਦੋਵਾਂ ਨੂੰ ਥਾਣੇ ਲਿਆਂਦਾ ਗਿਆ।

# ਪੁੱਤਰ ਹੱਥੋਂ ਅਚਾਨਕ ਚੱਲੀ ਗੋਲੀ ਨਾਲ ਮਾਂ ਦੀ ਮੌਤ

ਸਿੱਧਵਾਂ ਬੇਟ, 18 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਬਾਅਦ ਦੁਪਹਿਰ ਨੇੜਲੇ ਪਿੰਡ ਰਸੂਲਪੁਰਾ ਵਿਖੇ ਆਪਣੇ ਪਿਤਾ ਦੀ ਬਾਰਾਂ ਬੋਰ ਰਾਈਫਲ ਨੂੰ ਸਾਫ ਕਰਦੇ ਸਮੇਂ ਪੁੱਤਰ ਹੱਥੋਂ ਚੱਲੀ ਗੋਲੀ ਨਾਲ ਮਾਂ ਦੀ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਕਿਲੀ ਚਾਹਲਾਂ ਦੇ ਕਾਲਜ ਵਿਖੇ ਮਕੈਨੀਕਲ ਦਾ ਡਿਪਲੋਮਾ ਕਰ ਰਹੇ ਬਿਪਨਪ੍ਰੀਤ ਸਿੰਘ ਪੁੱਤਰ ਬੂਟਾ ਸਿੰਘ ਨੇ ਤਿਉਹਾਰਾਂ ਨੂੰ ਵੇਖਦੇ ਹੋਏ ਕੱਲ੍ਹ ਘਰ ਦੀ ਸਫਾਈ ਕਰਨ ਲਈ ਛੁੱਟੀ ਕੀਤੀ ਸੀ। ਇਸ ਦੌਰਾਨ ਉਹ ਆਪਣੀ ਪਿਤਾ ਦੀ ਲਾਇਸੰਸੀ ਰਾਈਫਲ ਨੂੰ ਸਾਫ ਕਰਨ ਲੱਗਾ ਕਿ ਅਚਾਨਕ ਉਸ ਦੇ ਹੱਥੋਂ ਰਾਈਫਲ ਚੱਲ ਗਈ ਤੇ ਉਸ ਵਿੱਚ ਮੌਜੂਦ ਦੋ ਰੌਂਦ ਨਜ਼ਦੀਕ ਕੰਮ ਕਰ ਰਹੀ ਉਸ ਦੀ ਮਾਂ ਚਰਨਜੀਤ ਕੌਰ ਦੀ ਸੱਜੀ ਵੱਖੀ ਵਿੱਚ ਜਾ ਵੱਜੇ ਤੇ ਉਸ ਨੇ ਮੌਕੇ 'ਤੇ ਦਮ ਤੋੜ ਦਿੱਤਾ। ਗੋਲੀ ਦੀ ਆਵਾਜ਼ ਸੁਣ ਕੇ ਉਨ੍ਹਾਂ ਦੇ ਗੁਆਂਢੀ ਵੀ ਆ ਗਏ। ਘਬਰਾਏ ਹੋਏ ਬਿਪਨਪ੍ਰੀਤ ਸਿੰਘ ਨੇ ਆਪਣੇ ਪਿਤਾ ਬੂਟਾ ਸਿੰਘ ਪੁੱਤਰ ਦਲੀਪ ਸਿੰਘ, ਜੋ ਕਸਬਾ ਸਿੱਧਵਾਂ ਬੇਟ ਦੇ ਐਕਸਿਸ ਬੈਂਕ ਵਿੱਚ ਗਾਰਡ ਦੀ ਡਿਊਟੀ ਕਰ ਰਿਹਾ ਸੀ, ਨੂੰ ਦੱਸਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਐਂਬੂਲੈਂਸ ਮੰਗਵਾ ਲਈ, ਪਰ ਚਰਨਜੀਤ ਕੌਰ ਦੀ ਮੌਕੇ 'ਤੇ ਮੌਤ ਹੋ ਚੁੱਕੀ ਸੀ। ਘਟਨਾ ਦਾ ਪਤਾ ਲੱਗਣ 'ਤੇ ਡੀ ਐਸ ਪੀ ਜਗਰਾਉਂ ਪ੍ਰਭਜੋਤ ਕੌਰ, ਡੀ ਐਸ ਪੀ (ਪੜਤਾਲ) ਅਮਨਦੀਪ ਸਿੰਘ ਬਰਾੜ, ਥਾਣਾ ਸਦਰ ਦੇ ਇੰਚਾਰਜ ਇੰਸਪੈਕਟਰ ਜਗਦੀਸ਼ ਕੁਮਾਰ ਆਦਿ ਘਟਨਾ ਵਾਲੀ ਜਗ੍ਹਾ ਪੁੱਜੇ ਅਤੇ ਉਨ੍ਹਾਂ ਨੇ ਵੱਖੋ-ਵੱਖਰੇ ਤੌਰ 'ਤੇ ਮ੍ਰਿਤਕ ਚਰਨਜੀਤ ਕੌਰ ਦੇ ਪਤੀ ਬੂਟਾ ਸਿੰਘ ਤੇ ਪੁੱਤਰ ਬਿਪਨਪ੍ਰੀਤ ਸਿੰਘ ਕੋਲੋਂ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਫਿੰਗਰ ਪ੍ਰਿੰਟ ਲੈਣ ਵਾਲੀ ਟੀਮ ਵੀ ਪੁੱਜੀ। ਭਾਵੇਂ ਪੁਲਸ ਨੂੰ ਸਾਰੀ ਜਾਂਚ ਦੌਰਾਨ ਪਤਾ ਲੱਗ ਗਿਆ ਕਿ ਅਚਾਨਕ ਚੱਲੀ ਗੋਲੀ ਕਾਰਨ ਚਰਨਜੀਤ ਕੌਰ ਦੀ ਮੌਤ ਹੋਈ ਹੈ, ਪਰ ਪੁਲਸ ਨੇ ਫਿਰ ਵੀ ਇਕ-ਇਕ ਪਹਿਲੂ ਤੋਂ ਸਾਰੀ ਘਟਨਾ ਨੂੰ ਬਰੀਕੀ ਨਾਲ ਜਾਂਚਿਆ।

# ਪੰਜਾਬ ਸਰਕਾਰ ਵੱਲੋਂ ਕਲੋਨੀਆਂ ਵਿਕਸਿਤ ਨਾ ਕਰ ਸਕੇ ਪ੍ਰਮੋਟਰਾਂ ਨੂੰ ਲਾਇਸੈਂਸ ਛੱਡਣ ਦੀ ਛੋਟ

ਜਲੰਧਰ, 18 ਅਕਤੂਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕਲੋਨੀਆਂ ਵਿਕਸਿਤ ਨਾ ਕਰ ਸਕੇ ਪ੍ਰਮੋਟਰਾਂ ਨੂੰ ਆਪਣੇ ਲਾਇਸੈਂਸ ਸਰੰਡਰ ਕਰਨ ਦੀ ਛੋਟ ਦੇ ਦਿੱਤੀ ਹੈ। ਇਨ੍ਹਾਂ ਕਲੋਨਾਈਜ਼ਰਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਿਰਦੇਸ਼ਾਂ 'ਤੇ ਰਾਹਤ ਪ੍ਰਦਾਨ ਕੀਤੀ ਗਈ ਹੈ। ਸਰਕਾਰੀ ਸੂਤਰਾਂ ਮੁਤਾਬਕ ਜਿਨ੍ਹਾਂ ਕਲੋਨਾਈਜ਼ਰਾਂ ਨੇ ਆਪਣੀਆਂ ਕਲੋਨੀਆਂ 'ਚ ਵਿਕਾਸ ਕਾਰਜ ਨਹੀਂ ਕਰਵਾਏ ਜਾਂ ਅਧੂਰੇ ਛੱਡੇ ਹਨ, ਉਹ ਲਾਇਸੈਂਸ ਸਰੰਡਰ ਕਰ ਸਕਦੇ ਹਨ। ਪਹਿਲਾਂ ਅਜਿਹੇ ਕੇਸਾਂ ਵਿੱਚ ਲਾਇਸੈਂਸ ਰੱਦ ਹੁੰਦੇ ਸਨ। ਇਸ ਬਾਰੇ ਸਰਕਾਰ ਨੇ ਨਵੀਂ ਨੀਤੀ ਨੂੰ ਪ੍ਰਵਾਨ ਕੀਤਾ ਹੈ। ਪਿਛਲੇ ਦਿਨੀਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਕਲੋਨਾਈਜ਼ਰਾਂ ਦੀਆਂ ਗੈਰ ਕਾਨੂੰਨੀ ਕਲੋਨੀਆਂ ਨਿਯਮਤ ਕਰਨ ਦਾ ਮਤਾ ਪਾਸ ਕੀਤਾ ਸੀ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਹੇਠ ਕਲੋਨੀਆਂ ਨੂੰ ਵਿਕਸਿਤ ਨਾ ਕਰ ਸਕੇ ਕਲੋਨਾਈਜ਼ਰ ਆਪਣੇ ਲਾਇਸੈਂਸ ਸਰੰਡਰ ਕਰ ਸਕਣਗੇ। ਉਨ੍ਹਾਂ ਦਾ ਲਾਇਸੈਂਸ ਸਰਕਾਰ ਰੱਦ ਨਹੀਂ ਕਰੇਗੀ। ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਪੁੱਡਾ ਦੇ ਐਡੀਸ਼ਨਲ ਚੀਫ ਪ੍ਰਸ਼ਾਸਕ ਦੀ ਪ੍ਰਧਾਨਗੀ ਹੇਠ ਇੱਕ ਉਚ ਪੱਧਰੀ ਕਮੇਟੀ ਬਣਾਈ ਸੀ, ਜਿਸ ਨੇ ਕਲੋਨਾਈਜ਼ਰਾਂ ਨਾਲ ਬੈਠਕ ਕੀਤੀ, ਜਿੱਥੇ ਪ੍ਰਮੋਟਰ ਜਾਂ ਕਲੋਨਾਈਜ਼ਰ ਨੇ ਪਲਾਟ ਜਾਂ ਫਲੈਟ ਨਹੀਂ ਵੇਚੇ ਹੋਣਗੇ। ਸਰਕਾਰ ਨੇ ਇਹ ਗੱਲ ਮੰਨ ਲਈ ਹੈ।











# ਨੈਸ਼ਨਲ ਬੈਂਕ ਘੋਟਾਲੇ ਵਿੱਚ 218 ਕਰੋੜ ਦੀ ਜਾਇਦਾਦ ਜ਼ਬਤ

ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਪੰਜਾਬ ਨੈਸ਼ਨਲ ਬੈਂਕ (ਪੀ ਐੱਨ ਬੀ) ਦੇ ਘੋਟਾਲੇ ਵਿੱਚ ਦੋਸ਼ੀਆਂ ਦੀ ਜਾਇਦਾਦ ਜ਼ਬਤ ਕਰਨ ਦਾ ਸਿਲਸਿਲਾ ਜਾਰੀ ਹੈ। ਕੱਲ੍ਹ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਘੋਟਾਲੇ ਨਾਲ ਜੁੜੀ 218 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਇਸ ਤਰ੍ਹਾਂ ਲਗਭਗ 13 ਹਜ਼ਾਰ ਕਰੋੜ ਰੁਪਏ ਦੇ ਘੋਟਾਲੇ ਵਿੱਚ ਹੁਣ ਤੱਕ ਲਗਭਗ 4500 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਜਾ ਚੁੱਕੀ ਹੈ। ਤਾਜ਼ਾ ਜ਼ਬਤ ਜਾਇਦਾਦਾਂ ਵਿੱਚ ਅਮਰੀਕਾ ਸਥਿਤ ਇੱਕ ਫਲੈਟ ਅਤੇ ਬ੍ਰਿਟੇਨ ਦਾ ਬੰਗਲਾ ਵੀ ਸ਼ਾਮਲ ਹੈ। ਵਿਦੇਸ਼ੀ ਜਾਇਦਾਦਾਂ ਨੂੰ ਜ਼ਬਤ ਕਰਨ ਦੀ ਜਾਣਕਾਰੀ ਦੇਣ ਦੇ ਲਈ ਈ ਡੀ ਅਮਰੀਕਾ ਅਤੇ ਬ੍ਰਿਟੇਨ ਨੂੰ ਲੈਟਰ ਰੋਗੇਟਰੀ ਭੇਜੇਗਾ। ਈ ਡੀ ਦੇ ਇੱਕ ਉਚ ਅਧਿਕਾਰੀ ਨੇ ਕਿਹਾ ਕਿ ਜ਼ਬਤ ਕੀਤੀਆਂ ਜਾਇਦਾਦਾਂ ਵਿੱਚ ਮੇਹੁਲ ਚੌਕਸੀ ਦਾ ਮੁੰਬਈ ਦੇ ਟਰੰਪ ਟਾਵਰ ਵਿੱਚ 1.70 ਕਰੋੜ ਰੁਪਏ ਦਾ ਫਲੈਟ ਵੀ ਹੈ। ਇਹ ਫਲੈਟ ਮੇਹੁਲ ਚੌਕਸੀ ਦੀ ਬੇਟੀ ਦੇ ਨਾਂਅ ਦਰਜ ਹੈ, ਪਰ




ਚੋਕਸੀ ਨੇ ਇਸ ਨੂੰ ਖਰੀਦਣ ਲਈ ਪਹਿਲੇ ਘੋਟਾਲੇ ਦੀ ਰਕਮ ਬੈਲਜ਼ੀਅਮ ਵਿੱਚ ਆਪਣੀ ਬੇਟੀ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕੀਤੀ ਸੀ, ਉਸ ਦੇ ਬਾਅਦ ਉਸੇ ਰਕਮ ਨੂੰ ਵਾਪਸ ਭਾਰਤ ਮੰਗਵਾ ਲਿਆ। ਇਸੇ ਤਰ੍ਹਾਂ ਅਮਰੀਕਾ ਵਿੱਚ ਜ਼ਬਤ ਜਾਇਦਾਦ ਦੂਸਰੇ ਦੋਸ਼ੀ ਮਿਹਿਰ ਭੰਸਾਲੀ ਦੀ ਪਤਨੀ ਦੇ ਨਾਂਅ ਹੈ। ਘੋਟਾਲੇ ਦੀ ਰਕਮ ਵਿੱਚੋਂ ਭੰਸਾਲੀ ਨੇ 51 ਕਰੋੜ ਰੁਪਏ ਦੀ ਜਾਇਦਾਦ ਆਪਣੇ ਅਤੇ ਪਤਨੀ ਦੇ ਸਾਂਝੇ ਨਾਂਅ ਤੇ ਖਰੀਦੀ ਸੀ, ਪਰ ਘੋਟਾਲੇ ਦਾ ਪਤਾ ਲੱਗਣ ਪਿੱਛੋਂ ਉਸ ਨੂੰ ਸਿਰਫ 10 ਡਾਲਰ ਯਾਨੀ 730 ਰੁਪਏ ਵਿੱਚ ਆਪਣੀ ਪਤਨੀ ਨੂੰ ਵੇਚ ਦਿੱਤਾ ਸੀ। ਈ ਡੀ ਨੇ ਇਸ ਦੇ ਨਾਲ ਹੀ ਹੈਦਰਾਬਾਦ ਦੇ ਵਣਜਾਰਾ ਹਿਲਸ ਸਥਿਤ ਏ ਪੀ ਜੇਮਸ ਐਂਡ ਜਿਊਲਰੀ ਦੀ ਦੋ ਲੱਖ ਵਰਗ ਫੁੱਟ ਜ਼ਮੀਨ ਵੀ ਜ਼ਬਤ ਕਰ ਲਈ ਹੈ। ਉਚ ਅਧਿਕਾਰੀ ਨੇ ਕਿਹਾ ਕਿ ਇਸ ਕੰਪਨੀ ਵਿੱਚ ਸਿੱਧੇ ਤੌਰ 'ਤੇ ਮੇਹੁਲ ਚੋਕਸੀ ਨੇ ਪੂਰੀ ਜਾਇਦਾਦ ਦੇ 89 ਫੀਸਦੀ ਹਿੱਸੇ ਨੂੰ ਹੀ ਜ਼ਬਤ ਕੀਤਾ ਹੈ। ਇਸ ਦੀ ਕੀਮਤ 120 ਕਰੋੜ ਰੁਪਏ ਹੈ। ਇਸੇ ਤਰ੍ਹਾਂ ਬ੍ਰਿਟੇਨ ਸਥਿਤ ਮੇਹੁਲ ਚੋਕਸੀ ਦੇ 27 ਕਰੋੜ ਰੁਪਏ ਦੇ ਬੰਗਲੇ ਅਤੇ 19 ਕਰੋੜ ਰੁਪਏ ਦੇ ਹੀਰੇ ਵੀ ਜ਼ਬਤ ਕੀਤੇ ਗਏ ਹਨ।

# ਰਾਮਪਾਲ ਨੂੰ ਦੂਜੇ ਕਤਲ ਕੇਸ ਵਿੱਚ ਵੀ ਉਮਰ ਕੈਦ ਦਾ ਹੁਕਮ

ਹਿਸਾਰ, 18 ਅਕਤੂਬਰ (ਪੋਸਟ ਬਿਊਰੋ)- ਸਤਲੋਕ ਆਸ਼ਰਮ ਵਿੱਚ ਇੱਕ ਔਰਤ ਦਾ ਕਤਲ ਕੀਤੇ ਜਾਣ ਦਾ ਮਾਮਲਾ ਵੀ ਰਾਮਪਾਲ ਨੂੰ ਮਹਿੰਗਾ ਪੈ ਗਿਆ ਹੈ। ਇਸ ਕੇਸ ਵਿੱਚ ਹਿਸਾਰ ਦੀ ਅਦਾਲਤ ਨੇ ਕੱਲ੍ਹ ਰਾਮਪਾਲ ਤੇ ਹੋਰ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਲਗਾਤਾਰ ਦੂਜੇ ਦਿਨ ਉਮਰ ਕੈਦ ਦੀ ਸਜ਼ਾ ਸੁਣਦੇ ਸਾਰ ਰਾਮਪਾਲ ਉੱਚੀ ਉੱਚੀ ਰੋਣ ਲੱਗ ਪਿਆ ਅਤੇ ਗੋਡਿਆਂ ਭਾਰ ਬੈਠ ਗਿਆ। ਉਸ ਤੋਂ ਬਾਅਦ ਉਹ ਜੱਜ ਵੱਲ ਵੇਖ ਕੇ ਬੋਲਿਆ, "ਤੁਸੀਂ ਤਾਂ ਕਬੀਰ ਭਗਤ ਹੋ ਜੱਜ ਸਾਹਿਬ, ਕੁਝ ਤਾਂ ਰਹਿਮ ਕਰ ਦਿੰਦੇ।" ਜੱਜ ਨੇ ਰਾਮਪਾਲ ਵੱਲ ਵੇਖਿਆ ਤੇ ਬਾਹਰ ਨਿਕਲ ਗਏ।

ਅਸਲ ਵਿੱਚ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਰਾਮਪਾਲ ਨੂੰ ਜੱਜ ਨੇ ਦੱਸਿਆ ਸੀ ਕਿ ਉਹ ਵੀ ਕਬੀਰ ਦੇ ਸਲੋਕ ਸੁਣਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਚੰਗੇ ਲੱਗਦੇ ਹਨ। ਸੁਣਵਾਈ ਲਈ ਜੇਲ੍ਹ ਦੀ ਇਮਾਰਤ ਵਿੱਚ ਵਿਸ਼ੇਸ਼ ਅਦਾਲਤ ਲਾਈ ਗਈ ਸੀ, ਜਿੱਥੇ ਇਸ ਤੋਂ ਪਹਿਲਾਂ ਵੀ



ਪੰਜ ਲੋਕਾਂ ਦੇ ਕਤਲ ਮਾਮਲੇ ਵਿੱਚ ਵੀ ਰਾਮਪਾਲ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਹ ਮਾਮਲਾ ਆਸ਼ਰਮ ਵਿੱਚ ਔਰਤ ਦੇ ਕਤਲ ਨਾਲ ਜੁੜਿਆ ਹੈ। ਰਾਮਪਾਲ ਨੂੰ ਕੱਲ੍ਹ ਇੱਕ ਔਰਤ ਦੇ ਕਤਲ ਕੇਸ ਵਿੱਚ ਦੋਸ਼ੀ ਪਾਇਆ ਗਿਆ ਹੈ, ਇਸ ਵਿੱਚ ਰਾਮਪਾਲ ਸਮੇਤ 13 ਦੋਸ਼ੀ ਸਨ। ਸਜ਼ਾ ਦੇ ਐਲਾਨ ਤੋਂ ਪਹਿਲਾਂ ਹਿਸਾਰ ਵਿੱਚ ਸੁਰੱਖਿਆ ਫੋਰਸ ਵੱਡੀ ਗਿਣਤੀ ਵਿੱਚ ਤੈਨਾਤ ਕੀਤੀ ਗਈ ਸੀ। ਦੋ ਦਰਜਨ ਤੋਂ ਵੱਧ ਮੈਜਿਸਟਰੇਟ ਨਿਯੁਕਤ ਕੀਤੇ ਗਏ ਸੀ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਵੀ ਹਿਸਾਰ ਕੋਰਟ ਨੇ ਚਾਰ ਔਰਤਾਂ ਤੇ ਇੱਕ ਬੱਚੇ ਦੀ ਮੌਤ ਦੇ ਕੇਸ ਵਿੱਚ ਰਾਮਪਾਲ ਵਿਰੁੱਧ ਸਜ਼ਾ ਦਾ ਐਲਾਨ ਕੀਤਾ ਅਤੇ ਮਰਨ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਦੋਵਾਂ ਕੇਸਾਂ ਵਿੱਚ 11 ਅਕਤੂਬਰ ਨੂੰ ਅਦਾਲਤ ਨੇ ਰਾਮਪਾਲ ਸਣੇ ਸਾਰੇ ਦੋਸ਼ੀਆਂ ਨੂੰ ਦੋਸ਼ੀ ਠਹਿਰਾਇਆ ਸੀ। ਪਹਿਲਾ ਕੇਸ ਨਵੰਬਰ 2014 ਦਾ ਹੈ। ਰਾਮਪਾਲ ਕਈ ਦੋਸ਼ਾਂ ਵਿੱਚ ਘਿਰਿਆ ਹੋਇਆ ਸੀ। ਕੋਰਟ ਨੇ ਉਸ ਦੇ ਖਿਲਾਫ ਵਾਰੰਟ ਜਾਰੀ ਕੀਤਾ ਸੀ, ਪਰ ਉਸ 'ਤੇ ਕੇਸ ਨਹੀਂ ਚੱਲਿਆ ਸੀ। ਲੁਕਾਛਿਪੀ ਖੇਡ ਰਹੇ ਰਾਮਪਾਲ ਦੇ ਆਸ਼ਰਮ ਨੂੰ ਇੱਕ ਦਿਨ ਪੁਲਸ ਨੇ ਚਾਰਾਂ ਪਾਸਿਓਂ ਘੇਰ ਲਿਆ ਸੀ, ਪਰ ਰਾਮਪਾਲ ਦੇ ਸਮਰਥਕ ਅਤੇ ਭਗਤ ਪੁਲਸ ਨਾਲ ਝਗੜ ਪਏ ਸੀ। ਉਹ ਮਰਨ-ਮਾਰਨ 'ਤੇ ਉਤਰ ਆਏ ਸੀ। ਇਸ ਅਧੀਨ 18 ਨਵੰਬਰ 2014 ਨੂੰ ਹਿੰਸਾ ਵਿੱਚ ਇੱਕ ਔਰਤ ਦੀ ਲਾਸ਼ ਸਤਲੋਕ ਆਸ਼ਰਮ ਤੋਂ ਮਿਲੀ ਸੀ। ਪੁਲਸ ਨੇ ਬੜੀ ਮੁਸ਼ਕਲ ਨਾਲ ਉਸ ਲਾਸ਼ ਨੂੰ ਆਸ਼ਰਮ ਤੋਂ ਕੱਢ ਕੇ ਪੋਸਟ ਮਾਰਟਮ ਲਈ ਭੇਜਿਆ ਸੀ।

# ਖੇਤੀ ਮੰਤਰਾਲੇ ਦੇ ਨਾਂਅ ਉੱਤੇ ਠੱਗੀਆਂ ਵੱਜਣ ਲੱਗੀਆਂ

ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਮੰਤਰਾਲੇ ਦੇ ਨਾਂਅ 'ਤੇ ਠੱਗੀ ਦਾ ਕੰਮ ਧੜੱਲੇ ਨਾਲ ਵਧ-ਫੁੱਲ ਰਿਹਾ ਹੈ। ਫਰਜ਼ੀ ਵੈੱਬਸਾਈਟ ਬਣਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਆਸਾਮੀਆਂ ਕੱਢ ਕੇ ਬੇਰੋਜ਼ਗਾਰਾਂ ਨੂੰ ਠੱਗਿਆ ਜਾ ਰਿਹਾ ਹੈ। ਅਖਬਾਰਾਂ ਵਿੱਚ ਇਸ਼ਤਿਹਾਰ ਕਢਵਾ ਕੇ ਲੋਕਾਂ ਤੋਂ ਫਿਰ ਅਰਜ਼ੀਆਂ ਮੰਗੀਆਂ ਗਈਆਂ ਹਨ। ਅਰਜ਼ੀ ਦੇ ਨਾਲ ਨਕਦੀ ਤੇ ਡਿਮਾਂਡ ਡਰਾਫਟ ਵੀ ਮੰਗਿਆ ਗਿਆ ਹੈ। ਇਹ ਧੰਦਾ ਕਾਫੀ ਸਮੇਂ ਤੋਂ ਚੱਲ ਰਿਹਾ ਹੈ, ਜਿਸ ਵਿੱਚ ਕਈ ਲੋਕਾਂ ਨੂੰ ਨਿਯੁਕਤੀ ਪੱਤਰ ਵੀ ਦੇ ਦਿੱਤਾ ਗਿਆ ਹੈ। ਇਸ ਬਾਰੇ ਲੋਕ ਪਹਿਲਾਂ ਵੈੱਬਸਾਈਟ ਉਤੇ ਦਰਜ ਪਤੇ 'ਤੇ ਪਹੁੰਚਦੇ ਹਨ, ਜਿੱਥੇ ਉਨ੍ਹਾਂ ਨੂੰ ਕੁਝ ਨਹੀਂ ਮਿਲਦਾ ਤੇ ਵਾਪਸ ਆ ਕੇ ਖੇਤੀ ਮੰਤਰਾਲੇ ਦੇ ਵੱਖ-ਵੱਖ ਵਿਭਾਗਾਂ ਦੇ ਦਰਵਾਜ਼ੇ ਖੜਕਾ ਰਹੇ ਹਨ। ਮੰਤਰਾਲੇ ਨੇ ਇਸ ਦੀ ਜਾਣਕਾਰੀ ਹੁੰਦੇ ਹੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸਾਈਬਰ ਕਰਾਈਮ ਨਾਲ ਸੰਬੰਧਤ ਵਿਭਾਗਾਂ ਨੂੰ ਇਸ ਵੈੱਬਸਾਈਟ 'ਤੇ ਪਾਬੰਦੀ ਲਗਾਉਣ ਦਾ ਹੁਕਮ ਦੇ ਦਿੱਤਾ ਗਿਆ ਹੈ ਅਤੇ ਕਾਰਵਾਈ ਜਾਰੀ ਹੈ।

ਪੰਡਿਤ ਦੀਨਦਿਆਲ ਦੇ ਨਾਂਅ ਉਤੇ ਖੇਤੀ ਵਿਕਾਸ ਖੋਜ ਪ੍ਰੀਸ਼ਦ ਦੀ ਸਰਕਾਰੀ ਵੈੱਬਸਾਈਟ ਫਰਜ਼ੀ ਹੈ, ਜਿਸ ਦਾ ਪਤਾ ਤ੍ਰਿਨਗਰ ਦਿੱਲੀ 110035 ਦਰਜ ਕੀਤਾ ਗਿਆ ਹੈ। ਇਸ ਵੈੱਬਸਾਈਟ ਉੱਤੇ ਫਾਰਮ ਮੈਨੇਜਰ, ਐਗਰੀਕਲਚਰ ਸੁਪਰਵਾਈਜ਼ਰ, ਆਫਿਸ ਸਟਾਫ, ਮੈਡੀਕਲ ਹੈਲਪਰ ਅਤੇ ਅਕਾਊਂਟੈਂਟ ਤੋਂ ਸਫਾਈ ਕਰਮਚਾਰੀ ਤੱਕ ਕੁੱਲ 57 ਹਜ਼ਾਰ ਤੋਂ ਵੱਧ ਲੋਕਾਂ ਦੀ ਜ਼ਰੂਰਤ ਦੱਸੀ ਗਈ ਹੈ ਤੇ ਸਾਰੀਆਂ ਆਸਾਮੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਹਨ। ਸਾਈਟ 'ਤੇ ਜਲਦੀ ਅਰਜ਼ੀਆਂ ਭੇਜਣ ਨੂੰ ਕਿਹਾ ਗਿਆ ਹੈ। ਇਸ ਸਾਈਟ 'ਤੇ ਇੱਕ ਸੰਦੇਸ਼ ਵੀ ਲਗਾਤਾਰ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਬਿਨੈਕਾਰਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਕਿਸੇ ਗਲਤ ਜਾਣਕਾਰੀ 'ਤੇ ਧਿਆਨ ਨਾ ਦੇਣ। ਨਾਲ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਦੇ ਨਿਰਦੇਸ਼ 'ਤੇ ਉਸ ਦੇ ਜ਼ਰੀਏ ਇਨ੍ਹਾਂ ਅਹੁਦਿਆਂ ਉੱਤੇ ਭਰਤੀ ਕੀਤੀ ਜਾ ਰਹੀ ਹੈ। ਬਿਨੈ ਪੱਤਰਾਂ ਦੇ ਨਾਲ 400 ਰੁਪਏ ਦੀ ਰਕਮ ਮੰਗੀ ਗਈ ਹੈ। ਇਸ਼ਤਿਹਾਰ ਵਿੱਚ ਜੁਆਇਨਿੰਗ ਦੀ ਤਰੀਕ ਵੀ ਇੱਕ ਜਨਵਰੀ 2019 ਲਿਖ ਦਿੱਤੀ ਗਈ ਹੈ। ਸਾਰੀਆਂ ਅਰਜ਼ੀਆਂ ਸਾਧਾਰਨ ਡਾਕ ਅਤੇ ਕੋਰੀਅਰ ਰਾਹੀਂ ਹੀ ਭੇਜਣ ਨੂੰ ਕਿਹਾ ਗਿਆ ਹੈ।

ਮੰਤਰਾਲੇ ਦੇ ਇੱਕ ਉੱਚ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦੀ ਨਜ਼ਰ ਸਾਈਟ 'ਤੇ ਪੈ ਚੁੱਕੀ ਹੈ ਤੇ ਇਸ ਬਾਰੇ ਜਲਦੀ ਹੀ ਕਾਰਵਾਈ ਹੋ ਜਾਏਗੀ।

# ਫੌਜ ਦਾ ਜਵਾਨ ਪਾਕਿ ਲਈ ਜਾਸੂਸੀ ਕਰਦਾ ਮੇਰਠ ਵਿੱਚ ਗ੍ਰਿਫਤਾਰ

ਮੇਰਠ, 18 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਨਾਲ ਜੁੜਵੀਂ ਭਾਰਤੀ ਫੌਜ ਦੀ ਪ੍ਰਸਿੱਧ ਮੇਰਠ ਛਾਉਣੀ ਵਿਚਲੇ ਸਿਗਨਲ ਰੈਜੀਮੈਂਟ ਵਿੱਚ ਫੌਜ ਦੇ ਇਕ ਸਿਗਨਲ ਮੈਨ ਜਵਾਨ ਨੂੰ ਕੱਲ੍ਹ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਸੂਤਰਾਂ ਮੁਤਾਬਕ ਇਸ ਜਵਾਨ ਤੋਂ ਕਈ ਬਹੁਤ ਮਹੱਤਵ ਪੂਰਨ ਜਾਣਕਾਰੀਆਂ ਹਾਸਲ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਦੱਸਿਆ ਕਿ ਜਵਾਨ ਪਾਕਿਸਤਾਨੀ ਖੁਫੀਆ ਏਜੰਸੀ ਦੇ ਸੈੱਲ ਪਾਕਿਸਤਾਨ ਇੰਟੈਲੀਜੈਂਸ ਆਪ੍ਰੇਟਿਵ (ਪੀ ਆਈ ਓ) ਨੂੰ ਪੱਛਮੀ ਕਮਾਨ ਅਤੇ ਇਸ ਦੇ ਹੇਠ ਆਉਣ ਵਾਲੇ ਕੋਰ ਅਤੇ ਡਿਵੀਜ਼ਨ ਹੈਡਕੁਆਰਟਰਾਂ ਨਾਲ ਜੁੜੀਆਂ



ਗੁਪਤ ਜਾਣਕਾਰੀਆਂ ਹਾਸਲ ਕਰਵਾ ਰਿਹਾ ਸੀ।

ਮੇਰਠ ਛਾਉਣੀ ਵਿੱਚ ਇਹ ਪਹਿਲੀ ਵਾਰ ਹੈ ਕਿ ਇਕ ਫੌਜੀ ਨੂੰ ਪਾਕਿ-ਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਫੜਿਆ ਗਿਆ ਹੈ। ਮੂਲ ਰੂਪ ਵਿੱਚ ਉਤਰਾਖੰਡ ਦਾ ਇਹ ਫੌਜੀ ਬੀਤੇ 10 ਸਾਲਾਂ ਤੋਂ ਭਾਰਤੀ ਫੌਜ ਵਿੱਚ ਹੈ ਅਤੇ ਪਿਛਲੇ ਕਰੀਬ 10 ਮਹੀਨਿਆਂ ਤੋਂ ਉਹ ਪਾਕਿਸਤਾਨੀ ਖੁਫੀਆ ਏਜੰਸੀਆਂ ਨਾਲ ਸੰਬੰਧਤ ਲੋਕਾਂ ਦੇ ਸੰਪਰਕ ਵਿੱਚ ਸੀ। ਇਸ ਸਮੇਂ ਦੌਰਾਨ ਫੌਜ ਦੇ ਕਈ ਗੁਪਤ ਦਸਤਾਵੇਜ਼ ਵਟਸਐਪ ਤੋਂ ਭੇਜੇ ਗਏ ਤੇ ਉਸ ਦੀ ਪਾਕਿਸਤਾਨ ਦੇ ਕਈ ਫੋਨ ਨੰਬਰਾਂ 'ਤੇ ਵੀ ਗੱਲ ਹੁੰਦੀ ਰਹੀ ਸੀ। ਆਰਮੀ ਇੰਟੈਂਲੀਜੈਂਸ ਨੂੰ ਕਰੀਬ ਤਿੰਨ ਮਹੀਨੇ ਪਹਿਲਾ ਇਸ ਦੀ ਭਣਕ ਲੱਗੀ ਸੀ। ਪਾਕਿਸਤਾਨ ਨਾਲ ਫੋਨ ਉੱਤੇ ਸੰਪਰਕ ਵਿੱਚ ਰਹਿਣ ਦੇ ਨਾਲ ਮੌਕਾ ਮਿਲਦੇ ਹੀ ਵਟਸਐਪ ਤੇ ਐਂਡ ਟੂ-ਐਂਡ ਇੰਸਕ੍ਰਿਪਸ਼ਨ ਦੇ ਜ਼ਰੀਏ ਉਹ ਗੁਪਤ ਦਸਤਾਵੇਜ਼ ਭੇਜਿਆ ਕਰਦਾ ਸੀ। ਇਸ ਫੜੇ ਗਏ ਫੌਜੀ ਦਾ ਨਾਮ ਫੌਜ ਜ਼ਾਹਰ ਨਹੀਂ ਕਰ ਰਹੀ ਹੈ। ਸਿਗਨਲ ਰੈਜੀਮੈਂਟ ਨਾਲ ਜੁੜੇ ਸਾਰੇ ਦਫਤਰਾਂ ਵਿੱਚ ਇਨ੍ਹਾਂ ਦਿਨਾਂ ਵਿੱਚ ਲਗਾਤਾਰ ਜਾਂਚ ਪੜਤਾਲ ਕੀਤੀ ਜਾ ਰਹੀ ਹੈ।

# ਨਾਬਾਲਗ ਕੁੜੀ ਵਿਆਹੁਣ ਵਾਲਿਆਂ ਨੂੰ ਕੈਦ

ਰੋਹਤਕ, 18 ਅਕਤੂਬਰ (ਪੋਸਟ ਬਿਊਰੋ)- ਸਾਢੇ 14 ਸਾਲ ਦੀ ਲੜਕੀ ਦੇ ਬਾਲ ਵਿਆਹ ਅਤੇ ਸ਼ੋਸ਼ਣ ਦੇ ਕੇਸ ਵਿੱਚ ਐਡੀਸ਼ਨਲ ਸੈਸ਼ਨ ਜੱਜ ਆਰ ਪੀ ਗੋਇਲ ਦੀ ਅਦਾਲਤ ਨੇ ਨਾਬਾਲਗ ਨਾਲ ਵਿਆਹ ਕਰਨ ਵਾਲੇ ਰੋਹਤਕ ਦੇ ਇੱਕ ਪਿੰਡ ਦੇ ਨੌਜਵਾਨ ਨੂੰ 10 ਸਾਲ ਦੀ ਸਜ਼ਾ ਸੁਣਾਈ ਅਤੇ ਸਾਢੇ ਛੇ ਹਜ਼ਾਰ ਰੁਪਏ ਜੁਰਮਾਨਾ ਅਤੇ ਜੁਰਮਾਨਾ ਨਾ ਭਰਨ ਦੇ ਬਦਲੇ ਵਿੱਚ ਪੰਜ ਮਹੀਨੇ ਦੀ ਵਾਧੂ ਸਜ਼ਾ ਭੁਗਤਣ ਦਾ ਹੁਕਮ ਦਿੱਤਾ ਹੈ। ਏਸੇ ਕੇਸ ਵਿੱਚ ਲੜਕੀ ਦੇ ਪਿਤਾ ਤੇ ਸਹੁਰੇ ਨੂੰ ਬਾਲ ਵਿਆਹ ਦੇ ਮਾਮਲੇ ਵਿੱਚ ਇੱਕ-ਇੱਕ ਸਾਲ ਦੀ ਸਜ਼ਾ ਅਤੇ 1500 ਰੁਪਏ ਜੁਰਮਾਨਾ ਭਰਨ ਦੇ ਕੋਰਟ ਨੇ ਆਦੇਸ਼ ਦਿੱਤੇ। ਜੁਰਮਾਨਾ ਨਾ ਭਰਨ ਦੇ ਬਦਲੇ ਇੱਕ ਮਹੀਨੇ ਦੀ ਵਾਧੂ ਸਜ਼ਾ ਭੁਗਤਣੀ ਹੋਵੇਗੀ। ਇਸ ਵਿੱਚ ਅਹਿਮ ਗੱਲ ਇਹ ਸੀ ਕਿ ਨਾਬਾਲਗ ਅਤੇ ਉਸ ਦੀ ਮਾਂ ਕੋਰਟ ਦੇ ਸਾਹਮਣੇ ਬਿਆਨ ਤੋਂ ਮੁੱਕਰ ਗਈਆਂ ਸਨ। ਕੋਰਟ ਨੇ ਪਹਿਲੇ ਤਿੰਨ ਜਗ੍ਹਾ ਦਿੱਤੇ ਗਏ ਬਿਆਨਾਂ ਅਤੇ ਸਬੂਤਾਂ ਦੇ ਆਧਾਰ 'ਤੇ ਸਜ਼ਾ ਸੁਣਾਈ। ਉਥੇ ਹੀ, ਬਿਆਨਾਂ ਤੋਂ ਮੁੱਕਰਨ 'ਤੇ ਸਰਕਾਰੀ ਵਕੀਲ ਨੇ ਮਾਂ-ਬੇਟੀ ਦੇ ਖਿਲਾਫ ਕੋਰਟ ਵਿੱਚ ਐਪਲੀਕੇਸ਼ਨ ਦਿੱਤੀ ਹੈ।

## ਮੋਦੀ ਦੀ ਬੁਲੇਟ ਟਰੇਨ ਨੂੰ ਸ਼ੁਰੂਆਤ ਤੋਂ ਵੀ ਪਹਿਲਾਂ ਬਰੇਕਾਂ ਲੱਗੀਆਂ



ਨਵੀਂ ਦਿੱਲੀ, 18 ਅਕਤੂਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਡ੍ਰੀਮ ਪ੍ਰਾਜੈਕਟ ਬੁਲੇਟ ਟਰੇਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਬਰੇਕਾਂ ਲੱਗਣ ਲੱਗੀਆਂ ਅਤੇ ਇਸ ਦੀ ਸਪੀਡ ਹੌਲੀ ਪੈ ਗਈ ਹੈ। ਬੁਲੇਟ ਟਰੇਨ ਦਾ ਜੋ ਪ੍ਰਾਜੈਕਟ ਪਿਛਲੇ ਸਾਲ ਸ਼ੁਰੂ ਹੋਇਆ ਸੀ, ਉਸ ਲਈ ਸਿਰਫ 0.9 ਹੈਕਟੇਅਰ ਜ਼ਮੀਨ ਹੀ ਐਕੁਵਾਇਰ ਹੋ ਸਕੀ ਹੈ, ਇਸ ਪ੍ਰਾਜੈਕਟ ਲਈ ਸਰਕਾਰ ਨੂੰ 1,400 ਹੈਕਟੇਅਰ ਜ਼ਮੀਨ ਦੀ ਜ਼ਰੂਰਤ ਹੈ।

ਇਸ ਪ੍ਰਾਜੈਕਟ ਨੂੰ ਲੀਡ ਕਰ ਰਹੀ ਭਾਰਤ ਸਰਕਾਰ ਦੀ ਕੰਪਨੀ ਦੀ ਰਿਪੋਰਟ ਮੁਤਾਬਕ ਓਥੇ ਕਿਸਾਨ ਮੁਆਵਜ਼ੇ ਦੀ ਘੱਟ ਰਾਸ਼ੀ ਤੋਂ ਨਾਰਾਜ਼ ਹਨ, ਜਿਸ ਕਾਰਨ ਜ਼ਮੀਨ ਦੇ ਐਕੁਵਾਇਰ ਕਰਨ ਦਾ ਰੁਝਾਨ ਫਸਿਆ ਹੋਇਆ ਹੈ। ਭਾਰਤ ਦੀ ਬੁਲੇਟ ਟਰੇਨ ਨੂੰ ਵਿੱਤੀ ਰਾਜਧਾਨੀ ਮੁੰਬਈ ਅਤੇ ਇਕਨਾਮਿਕ ਹੱਬ ਅਹਿਮਦਾਬਾਦ ਦੇ ਵਿਚਾਲੇ ਚਲਾਇਆ ਜਾਣਾ ਹੈ। ਦੋਵਾਂ ਸ਼ਹਿਰਾਂ ਦੀ ਦੂਰੀ ਲਗਭਗ 316 ਮੀਲ ਹੈ, ਜੋ ਲਾਸ ਏਂਜਲਸ ਅਤੇ ਸਾਨ ਫ੍ਰਾਂਸਿਸਕੋ ਦੀ ਦੂਰੀ ਬਰਾਬਰ ਹੈ। ਏਥੇ ਜ਼ਮੀਨ ਐਕੁਵਾਇਰ ਦੀ ਸਮੱਸਿਆ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਜਾਪਾਨ ਦੀ ਸ਼ਿਨਕਾਨਸੇਨ ਟੈਕਨਾਲੋਜੀ ’ਤੇ ਆਧਾਰਿਤ ਭਾਰਤੀ ਬੁਲੇਟ ਟਰੇਨ ਦਾ ਕਾਰਜਕਾਲ ਸਾਲ 2023 ਤੱਕ ਪੂਰਾ ਕਰਨ ਦਾ ਸਪਨਾ ਅਧੂਰਾ ਰਹਿ ਜਾਵੇਗਾ। ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ’ਚ ਇਕਨਾਮਿਕਸ ਦੇ ਪ੍ਰੋਫੈਸਰ ਰਾਘਬੇਂਦਰ ਨੇ ਦੱਸਿਆ ਕਿ ਭੂਮੀ ਐਕੁਵਾਇਰ ਕਰਨ ਲਈ ਭਾਰਤ ਵਿੱਚ ਇਕ ਆਮ ਸਮੱਸਿਆ ਹੈ ਅਤੇ ਇਸ ਦੇ ਕਾਰਨ ਬਹੁਤ ਸਾਰੇ ਪ੍ਰਾਜੈਕਟ ਅਧੂਰੇ ਰਹਿ ਜਾਂਦੇ ਹਨ।

## ਕੰਪਨੀ ਦਾ ‘ਵਾਟਰ ਪਰੂਫ’ ਮੋਬਾਈਲ ਪਾਣੀ ਵਿੱਚ ਪਾਇਆ ਤਾਂ ਬੰਦ ਹੋ ਗਿਆ

ਝੱਜਰ, 18 ਅਕਤੂਬਰ (ਪੋਸਟ ਬਿਊਰੋ)- ਝੱਜਰ ਦੀ ਖਪਤਕਾਰ ਕੋਰਟ ਵਿੱਚ ਕੱਲ੍ਹ ਇੱਕ ਮੋਬਾਈਲ ਕੰਪਨੀ ਦਾ ਦਾਅਵਾ ਝੂਠਾ ਨਿਕਲਿਆ। ਕੰਪਨੀ ਦਾ ਦਾਅਵਾ ਸੀ ਕਿ ਉਨ੍ਹਾਂ ਦਾ ਮੋਬਾਈਲ ਫੋਨ ਵਾਟਰਪਰੂਫ ਹੈ, ਪਾਣੀ ਵਿੱਚ ਖਰਾਬ ਨਹੀਂ ਹੁੰਦਾ। ਖਪਤਕਾਰ ਦਾ ਤਰਕ ਸੀ ਕਿ ਇਹ ਕੰਪਨੀ ਦਾ ਝੂਠਾ ਪ੍ਰਚਾਰ ਹੈ। ਇਸ ਸੰਬੰਧ ਵਿੱਚ ਖਪਤਕਾਰ ਫੋਰਮ ਦੇ ਜੱਜ ਨੇ ਮੋਬਾਈਲ ਨੂੰ ਪਾਣੀ ਵਿੱਚ ਪਾਉਣ ਦਾ ਹੁਕਮ ਦਿੱਤਾ। ਕੋਰਟ ਵਿੱਚ ਪਾਣੀ ਨਾਲ ਭਰਿਆ ਬਰਤਨ ਮੰਗਵਾਇਆ ਗਿਆ ਅਤੇ ਮੋਬਾਈਲ ਉਸ ਵਿੱਚ ਪਾ ਦਿੱਤਾ ਤਾਂ ਉਹ ਖਰਾਬ ਹੋ ਗਿਆ। ਇਸ ਦੇ ਬਾਅਦ ਜੱਜ ਨੇ ਮੋਬਾਈਲ ਕੰਪਨੀ ਨੂੰ ਹੁਕਮ ਦਿੱਤਾ ਕਿ ਉਹ ਖਪਤਕਾਰ ਨੂੰ ਮੋਬਾਈਲ ਪੂਰੀ ਤਰ੍ਹਾਂ ਠੀਕ ਕਰ ਕੇ ਦੇਣ ਜਾਂ ਉਸ ਦੀ ਜਗ੍ਹਾ ਨਵਾਂ ਸੈਟ ਦੇਣ ਜਾਂ ਉਸ ਦੀ ਕੀਮਤ 56,900 ਰੁਪਏ ਵਾਪਸ ਕਰਨ ਅਤੇ ਖਰਚੇ ਦੇ ਰੂਪ ਵਿੱਚ ਕੰਪਨੀ ਨੂੰ ਸਾਢੇ ਸੱਤ ਹਜ਼ਾਰ ਰੁਪਏ ਦੀ ਰਾਸ਼ੀ ਵੀ ਪੀੜਤ ਨੂੰ ਦੇਣੀ ਹੋਵੇਗੀ। ਕੇਸ ਦੀ 25 ਅਕਤੂਬਰ ਨੂੰ ਸੁਣਵਾਈ ਹੋਵੇਗੀ।




BANKRUPTCY, PROPOSAL, R9........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9


Jobs Jobs Jobs
General Labour/ Unloader/ Window Assemblers & Machine Operators
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
2355 Derry Rd E, Unit#20, 2nd Floor, Mississauga
Torbram/Derry intersection ਦੇ ਨੇੜੇ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Neha: 416.855.9671 or 416.618.6030

• Insurance •
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

DUCT CLEANING
A breath of Clean air
Residential & Commercial Air duct cleaning and dryer vent cleaning
Free Sanitizer




66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਾਰੰਟੀ
For Professional Duct Cleaning Services
Call Air Frais Duct Cleaning at:
905-867-9000

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
“ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ”
New Drivers Are Also Welcome, We Give Paid Training With Full Time Job
For Further Information Contact: 6476253344

## ਪਾਰਲੀਮੈਂਟ ਚੋਣਾਂ ਵਿੱਚ ਮੇਰੀ ਪਾਰਟੀ ਬਹੁਮਤ ਗੁਆ ਬੈਠੀ ਤਾਂ ਮੈਂ ਜ਼ਿੰਮੇਵਾਰ ਨਹੀਂ: ਟਰੰਪ

ਵਾਸ਼ਿੰਗਟਨ, 18 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਚੁਣੇ ਹੋਏ ਹਾਊਸ, ਕਾਂਗਰਸ, ਦੀਆਂ ਚੋਣਾਂ ਵਿੱਚ ਹਾਰ ਦੇ ਸ਼ੱਕ ਦਾ ਸਾਹਮਣਾ ਕਰ ਰਹੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੱਲ੍ਹ ਆਖਿਆ ਕਿ ਨਵੰਬਰ 'ਚ ਜੇ ਉਨ੍ਹਾਂ ਦੀ ਪਾਰਟੀ ਸਦਨ 'ਚ ਬਹੁਮਤ ਗੁਆ ਦਿੰਦੀ ਹੈ ਤਾਂ ਉਹ ਇਸ ਬਾਰੇ ਜ਼ਿੰਮੇਵਾਰੀ ਨਹੀਂ ਲੈਣਗੇ। ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਪ੍ਰਚਾਰ ਅਤੇ ਸਮਰਥਨ ਨੇ ਰਿਪਬਲਿਕਨ ਉਮੀਦਵਾਰਾਂ ਦੀ ਮਦਦ ਕੀਤੀ ਹੈ। ਪਾਰਲੀਮੈਂਟ ਚੋਣਾਂ ਤੋਂ 3 ਹਫਤੇ ਪਹਿਲਾਂ ਟਰੰਪ ਨੇ ਇਕ ਬਿਆਨ 'ਚ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਵੋਟਰਾਂ ਦਾ ਉਤਸ਼ਾਹ ਘੱਟ ਪੈ ਰਿਹਾ ਹੈ, ਪਰ ਉਨ੍ਹਾਂ ਆਸ ਹੈ ਕਿ ਉਨ੍ਹਾਂ ਦੇ ਸਭ ਤੋਂ ਕੱਟੜ ਸਮਰਥਕ ਉਦੋਂ ਵੀ ਵੋਟ ਪਾਉਣਗੇ। ਇਹ ਪੁੱਛੇ ਜਾਣ 'ਤੇ ਕਿ 6 ਨਵੰਬਰ ਜਾਂ ਇਸ ਦੇ ਨੇੜੇ ਸਦਨ ਵਿੱਚ ਜੇ ਰਿਪਬਲਿਕਨ ਪਾਰਟੀ ਨੇ ਕੰਟਰੋਲ ਗੁਆ ਦਿੱਤਾ ਤਾਂ ਕੀ ਉਹ ਇਸ ਦੀ ਜ਼ਿੰਮੇਵਾਰੀ ਲੈਣਗੇ। ਟਰੰਪ ਨੇ ਜਵਾਬ ਵਿੱਚ ਕਿਹਾ, 'ਨਹੀਂ, ਮੈਨੂੰ ਲੱਗਦਾ ਹੈ ਕਿ ਮੈਂ ਲੋਕਾਂ ਦੀ ਮਦਦ ਕਰ ਰਿਹਾ ਹਾਂ।' ਟਰੰਪ ਨੇ ਸੰਖੇਪ ਵਿੱਚ ਕਿਹਾ ਕਿ ਮੈਨੂੰ ਨਹੀਂ ਲੱਗਦਾ ਕਿ ਕਿਸੇ ਦਾ ਵੀ ਏਦਾਂ ਦਾ ਪ੍ਰਭਾਵ ਪੈ ਸਕਦਾ ਹੈ। ਉਹ ਲੋਕ ਕਹਿੰਦੇ ਹਨ ਕਿ ਪੁਰਾਣੇ ਦਿਨਾਂ 'ਚ ਜੇ ਤੁਹਾਨੂੰ ਰਾਸ਼ਟਰਪਤੀ ਦਾ ਸਮਰਥਨ ਹਾਸਲ ਸੀ ਜਾਂ ਜੇ ਤੁਸੀਂ ਕਿਸੇ ਹੋਰ ਦਾ ਸਮਰਥਨ ਪਾਇਆ ਸੀ ਤਾਂ ਇਹ ਚੰਗਾ ਰਹਿੰਦਾ, ਪਰ ਇਸ ਦਾ ਮਤਲਬ ਕੁਝ ਨਹੀਂ, ਬਿਲਕੁਲ ਨਾਮਾਤਰ ਹੈ।

ਟਰੰਪ ਆਪਣਾ ਆਧਾਰ ਮਜ਼ਬੂਤ ਕਰਨ ਲਈ ਕਾਫੀ ਸਾਵਧਾਨੀ ਨਾਲ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਆਪਣਾ ਕੰਮ ਕਰ ਰਹੇ ਹਨ, ਪਰ ਉਨ੍ਹਾਂ ਨੇ ਆਪਣੇ ਕਿਸੇ ਸਮਰਥਕ ਤੋਂ ਇਹ ਸੁਣਿਆ ਹੈ ਕਿ ਉਹ ਇਸ ਨਵੰਬਰ 'ਚ ਵੋਟ ਨਹੀਂ ਦੇ ਸਕਦੇ। ਉਨ੍ਹਾਂ ਕਿਹਾ ਕਿ ਮੈਂ ਕਾਂਗਰਸ ਨੂੰ ਪਸੰਦ ਕਰਦਾ ਹਾਂ, ਜੇ ਡੈਮੋਕ੍ਰੇਟ ਸਦਨ 'ਚ ਬਹੁਮਤ 'ਚ ਆ ਜਾਣ ਅਤੇ ਜਾਂਚ ਕਰਦੇ ਹਨ ਤਾਂ ਉਹ ਇਸ ਨਾਲ ਨਜਿੱਠਣਗੇ।

## ਕੁਰਸੀ ਵਿੱਚ ਬੰਬ ਲਾ ਕੇ ਉਮੀਦਵਾਰ ਸਮੇਤ ਚਾਰ ਜਣੇ ਮਾਰੇ

ਕਾਬੁਲ, 18 ਅਕਤੂਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ 20 ਅਕਤੂਬਰ ਨੂੰ ਹੋ ਰਹੀਆਂ ਪਾਰਲੀਮੈਂਟ ਚੋਣਾਂ ਵਿੱਚ ਤਾਲਿਬਾਨ ਨੇ ਇੱਕ ਹੋਰ ਉਮੀਦਵਾਰ ਨੂੰ ਨਿਸ਼ਾਨਾ ਬਣਾਇਆ ਅਤੇ ਉਸ ਦੀ ਕੁਰਸੀ ਦੇ ਹੇਠਾਂ ਬੰਬ ਲਗਾ ਕੇ ਧਮਾਕਾ ਕੀਤਾ ਹੈ। ਇਸ ਵਿੱਚ ਉਮੀਦਵਾਰ ਸਮੇਤ ਚਾਰ ਜਣਿਆਂ ਦੀ ਮੌਤ ਹੋ ਗਈ।


ਮੌਕੇ ਦਾ ਮੁਆਇਨਾ ਕਰਦੇ ਜਾਂਚ ਅਧਿਕਾਰੀ।

ਹੇਲਮੰਦ ਸੂਬੇ ਦੇ ਗਵਰਨਰ ਦੇ ਬੁਲਾਰੇ ਉਮਰ ਝਵਾਕ ਦੇ ਅਨੁਸਾਰ ਇਹ ਧਮਾਕਾ ਉਸ ਸਮੇਂ ਕੀਤਾ ਗਿਆ, ਜਦ ਪਾਰਲੀਮੈਂਟ ਮੈਂਬਰ ਅਬਦੁਲ ਜਬਰ ਕਹਰਮਨ ਕੱਲ੍ਹ ਏਥੇ ਆਪਣੇ ਸਮਰਥਕਾਂ ਦੇ ਨਾਲ ਆਪਣੇ ਚੋਣ ਦਫਤਰ ਵਿੱਚ ਬੈਠਕ ਕਰ ਰਹੇ ਸਨ। ਉਹ ਤਾਲਿਬਾਨ ਦੇ ਗੜ੍ਹ ਮੰਨੇ ਜਾਂਦੇ ਹੇਲਮੰਦ ਦੀ ਸੀਟ ਤੋਂ ਉਮੀਦਵਾਰ ਸਨ। ਇਸ ਹਮਲੇ ਵਿੱਚ ਸੱਤ ਜਣੇ ਗੰਭੀਰ ਜ਼ਖਮੀ ਹੋਏ ਹਨ। ਰਾਸ਼ਟਰਪਤੀ ਅਬਦੁਲ ਗਨੀ ਨੇ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ, ਅੱਤਵਾਦੀਆਂ ਦੇ ਇਸ ਤਰ੍ਹਾਂ ਦੇ ਘਿਨੌਣੇ ਕਾਰਿਆਂ ਤੋਂ ਲੋਕਾਂ ਦਾ ਸ਼ਾਂਤੀਪੂਰਨ ਤੇ ਲੋਕਤੰਤਰਿਕ ਪ੍ਰਕਿਰਿਆ ਵਿੱਚ ਵਿਸ਼ਵਾਸ ਕਮਜ਼ੋਰ ਨਹੀਂ ਹੋਵੇਗਾ। ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਹਮਲੇ ਦੇ ਸੰਬੰਧ ਵਿੱਚ ਹੇਲਮੰਦ ਦੀ ਸੂਬਾਈ ਰਾਜਧਾਨੀ ਲਸ਼ਕਰ ਗਾਹ ਤੋਂ ਤਿੰਨ ਸ਼ੱਕੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪਿਛਲੇ ਦੋ ਮਹੀਨੇ ਦੌਰਾਨ ਅੱਤਵਾਦੀਆਂ ਦੇ ਹਮਲੇ ਵਿੱਚ ਦਸ ਉਮੀਦਵਾਰਾਂ ਦੀ ਹੱਤਿਆ ਹੋਈ ਹੈ। ਦੋ ਉਮੀਦਵਾਰ ਅਗਵਾ ਵੀ ਹੋ ਚੁੱਕੇ ਹਨ, ਜਦ ਕਿ ਅੱਤਵਾਦੀ ਹਮਲੇ ਵਿੱਚ ਚਾਰ ਜ਼ਖਮੀ ਵੀ ਹੋਏ ਹਨ। ਤਾਲਿਬਾਨ ਨੇ ਇੱਕ ਫਰਮਾਨ ਜਾਰੀ ਕਰ ਕੇ ਨਾਗਰਿਕਾਂ ਨੂੰ ਸੰਸਦੀ ਚੋਣਾਂ ਦਾ ਬਾਈਕਾਟ ਕਰਨ ਨੂੰ ਕਿਹਾ ਸੀ। ਹਿੰਸਾ ਅਤੇ ਸੁਰੱਖਿਆ ਬਲਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਵੀ ਦੇ ਰੱਖੀ ਹੈ। ਨਾਲ ਹੀ ਕਿਹਾ ਹੈ ਕਿ ਵਿਦੇਸ਼ੀ ਫੌਜ ਅਫਗਾਨਿਸਤਾਨ ਛੱਡੇ।

## ਜਾਪਾਨ 'ਚ ਪਲਾਸਟਿਕ ਕੂੜੇ ਦਾ ਢੇਰ ਲੱਗਣ ਲੱਗਾ



ਟੋਕੀਓ, 18 ਅਕਤੂਬਰ (ਪੋਸਟ ਬਿਊਰੋ)- ਚੀਨ ਵੱਲੋਂ ਵਿਦੇਸ਼ੀ ਵੇਸਟ ਲੈਣਾ ਬੰਦ ਕੀਤੇ ਜਾਣ ਪਿੱਛੋਂ ਜਾਪਾਨ ਵਿਚ ਇਸ ਦੀ ਪ੍ਰੋਸੈਸਿੰਗ ਦੀ ਸੀਮਤ ਸਮਰੱਥਾ ਕਾਰਨ ਪਲਾਸਟਿਕ ਕਚਰੇ ਦਾ ਢੇਰ ਲੱਗ ਗਿਆ ਹੈ।

ਜਾਪਾਨ ਦੇ ਵਾਤਾਵਰਣ ਮੰਤਰਾਲੇ ਨੇ ਕਿਹਾ ਕਿ ਲੱਗਭਗ ਇਕ ਚੌਥਾਈ ਪ੍ਰਮੁੱਖ ਖੇਤਰੀ ਤੇ ਨਗਰ ਪਾਲਿਕਾਵਾਂ ਵੱਲੋਂ ਕਰਵਾਏ ਸਰਵੇਖਣ ਵਿਚ ਪਲਾਸਟਿਕ ਕਚਰੇ ਦੇ ਜਮਾਂ ਹੋਣ ਦੀ ਗੱਲ ਸਾਹਮਣੇ ਆਈ ਤੇ ਕਿਹਾ ਗਿਆ ਹੈ ਕਿ ਕਦੇ-ਕਦੇ ਇਹ ਸਫਾਈ ਦੇ ਸਟੈਂਡਰਡ ਨੂੰ ਪਾਰ ਕਰ ਜਾਂਦਾ ਹੈ। 100 ਤੋਂ ਵਧੇਰੇ ਲੋਕਲ ਬਾਡੀਜ਼ ਅਤੇ 175 ਵੇਸਟ ਫਰਮਾਂ ਮੁਤਾਬਕ ਵੇਸਟ ਪਲਾਸਟਿਕ ਦੀ ਪ੍ਰੋਸੈਸਿੰਗ ਦੀ ਲਾਗਤ ਵੱਧ ਰਹੀ ਹੈ। ਚੀਨ ਨੇ ਇਸ ਨੂੰ ਲੈਣਾ ਬੰਦ ਕਰ ਦਿੱਤਾ ਹੈ ਅਤੇ ਇਸ ਨਾਲ ਵਿਸ਼ਵ ਦੇ ਵਿਕਾਸਸ਼ੀਲ ਦੇਸ਼ ਵੀ ਪਲਾਸਟਿਕ ਕਚਰੇ ਦੀ ਪ੍ਰੋਸੈਸਿੰਗ ਕਰਨ ਲਈ ਘਬਰਾ ਰਹੇ ਹਨ।

ਇਕ ਮੈਗਜ਼ੀਨ ਵਿਚ ਛਪੀ ਖੋਜ ਮੁਤਾਬਕ ਸਾਲ 1992 ਦੇ ਬਾਅਦ ਤੋਂ ਦੁਨੀਆ ਭਰ ਦੇ ਪਲਾਸਟਿਕ ਕਚਰੇ ਦਾ ਕਰੀਬ ਤਿੰਨ ਚੌਥਾਈ ਹਿੱਸਾ ਚੀਨ ਅਤੇ ਹਾਂਗਕਾਂਗ ਵਿਚ ਪਹੁੰਚਿਆ, ਜਿਸ ਦਾ ਨਿਪਟਾਰਾ ਓਥੇ ਕੀਤਾ ਗਿਆ, ਪਰ ਇਸ ਸਾਲ ਜਨਵਰੀ ਤੋਂ ਚੀਨ ਨੇ ਨਵੀਂ ਵਾਤਾਵਰਣ ਨੀਤੀ ਮੁਤਾਬਕ ਜ਼ਿਆਦਾਤਰ ਪੇਪਰ ਅਤੇ ਪਲਾਸਟਿਕ ਕਚਰੇ ਨੂੰ ਲੈਣਾ ਬੰਦ ਕਰ ਦਿੱਤਾ ਹੈ।

## ਗੈਰ ਕਾਨੂੰਨੀ ਪਰਵਾਸੀਆਂ ਨੂੰ ਟਰੰਪ ਦੀ ਇੱਕ ਹੋਰ ਚਿਤਾਵਨੀ

ਵਾਸ਼ਿੰਗਟਨ, 18 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਵਾਸੀਆਂ ਦੇ ਮੁੱਦੇ ਉਤੇ ਸਖਤ ਰੁਖ ਅਪਣਾਉਂਦੇ ਹੋਏ ਕਿਹਾ ਕਿ ਅਮਰੀਕਾ ਵਿੱਚ ਗੈਰ ਕਾਨੂੰਨੀ ਰੂਪ 'ਚ ਦਾਖਲ ਹੋਣ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਹਿਰਾਸਤ ਵਿੱਚ ਲਿਆ ਜਾਵੇਗਾ। ਇਸ ਮਗਰੋਂ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਜਾਵੇਗਾ।



ਟਰੰਪ ਵੱਲੋਂ ਇਹ ਧਮਕੀ ਮੱਧ ਅਮਰੀਕੀ ਦੇਸ਼ਾਂ ਹੋਂਡੂਰਸ, ਗੁਆਟੇਮਾਲਾ ਅਤੇ ਅਲ ਸਲਵਾਡੋਰ ਨੂੰ ਦਿੱਤੀ ਗਈ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਨ੍ਹਾਂ ਦੇਸ਼ਾਂ ਨੇ ਆਪਣੇ ਇਥੋਂ ਅਮਰੀਕਾ ਆ ਰਹੇ ਪ੍ਰਵਾਸੀਆਂ ਨੂੰ ਨਹੀਂ ਰੋਕਿਆ ਤਾਂ ਅਮਰੀਕਾ ਤੋਂ ਮਿਲਣ ਵਾਲੀ ਵਿਦੇਸ਼ੀ ਮਦਦ ਬੰਦ ਕਰ ਦਿੱਤੀ ਜਾਵੇਗੀ। ਰਾਸ਼ਟਰਪਤੀ ਵੱਲੋਂ ਇਹ ਚਿਤਾਵਨੀ ਅਜਿਹੇ ਸਮੇਂ ਵਿੱਚ ਦਿੱਤੀ ਗਈ ਹੈ, ਜਦੋਂ ਖਬਰਾਂ ਆ ਰਹੀਆਂ ਹਨ ਕਿ ਹੋਂਡੂਰਸ ਤੋਂ ਕਰੀਬ 1600 ਲੋਕਾਂ ਦੇ ਇਕ ਗਰੁੱਪ ਨੇ ਅਮਰੀਕਾ ਵੱਲ ਰੁਖ਼ ਕੀਤਾ ਹੈ। ਕਰੀਬ 1600 ਲੋਕਾਂ ਦੇ ਇਸ ਗਰੁੱਪ ਦਾ ਗਠਨ ਸ਼ਨਿੱਚਰਵਾਰ ਹੋਂਡੂਰਸ ਦੇ ਸੇਨ ਪੈਡਰੋ ਸੂਲਾ ਸ਼ਹਿਰ 'ਚ ਹੋਇਆ ਸੀ। ਬੀਤੇ ਦਿਨੀਂ ਇਹ ਗਰੁੱਪ ਗੁਆਟੇਮਾਲਾ ਪਾਰ ਕਰ ਗਿਆ ਹੈ। ਗੁਆਟੇਮਾਲਾ ਸਰਕਾਰ ਨੇ ਬੀਤੇ ਦਿਨੀਂ ਇਸ ਦੇ ਕੁਝ ਕੁਆਰਡੀਨੇਟਰਾਂ ਨੂੰ ਹਿਰਾਸਤ ਵਿੱਚ ਲਿਆ ਸੀ, ਪਰ ਗਰੁੱਪ ਦੇ ਹੋਰ ਮੈਂਬਰ ਨਹੀਂ ਰੁਕੇ ਅਤੇ ਗੁਆਟੇਮਾਲਾ ਨੂੰ ਪਾਰ ਕਰਕੇ ਅਮਰੀਕਾ ਵੱਲ ਵੱਧ ਰਹੇ ਹਨ। ਰਾਸ਼ਟਰਪਤੀ ਟਰੰਪ ਨੇ ਕਿਹਾ, 'ਅਮਰੀਕੀ ਸਰਕਾਰ ਨੇ ਤਿੰਨ ਦੇਸ਼ਾਂ ਹੋਂਡੂਰਸ, ਗੁਆਟੇਮਾਲਾ ਅਤੇ ਅਲ ਸਲਵਾਡੋਰ ਨੂੰ ਦੱਸ ਦਿੱਤਾ ਹੈ ਕਿ ਜੇ ਉਨ੍ਹਾਂ ਨੇ ਆਪਣੇ ਨਾਗਰਿਕਾਂ ਨੂੰ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਤਾਂ ਸਾਰੀ ਮਦਦ ਰੋਕ ਦਿੱਤੀ ਜਾਵੇਗੀ।' ਟਰੰਪ ਨੇ ਦੂਜੇ ਟਵੀਟ ਵਿੱਚ ਕਿਹਾ ਕਿ ਅਸੀਂ ਤਿੰਨੇ ਦੇਸ਼ਾਂ ਨੂੰ ਸੂਚਿਤ ਕਰ ਦਿੱਤਾ ਹੈ ਕਿ ਜੇ ਉਨ੍ਹਾਂ ਨੇ ਆਪਣੇ ਨਾਗਰਿਕਾਂ ਜਾਂ ਕਿਸੇ ਹੋਰ ਨੂੰ ਆਪਣੀਆਂ ਹੱਦਾਂ ਪਾਰ ਕਰਕੇ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਤਾਂ ਸਾਰੀ ਮਦਦ ਰੋਕ ਦਿੱਤੀ ਜਾਵੇਗੀ।

## ਹਾਂਗਕਾਂਗ-ਮਕਾਊ ਨੂੰ ਜੋੜਨ ਵਾਲੇ ਪੁਲ ਉਤੇ ਵਿਵਾਦ

ਹਾਂਗਕਾਂਗ, 18 ਅਕਤੂਬਰ (ਪੋਸਟ ਬਿਊਰੋ)- ਹਾਂਗਕਾਂਗ, ਮਕਾਊ ਅਤੇ ਚੀਨੀ ਸ਼ਹਿਰ ਝੁਹੈਈ ਨੂੰ ਜੋੜਨ ਵਾਲੇ ਦੁਨੀਆ ਦੇ ਸਭ ਤੋਂ ਵੱਡੇ ਸਮੁੰਦਰੀ ਪੁਲ ਦੇ ਉਦਘਾਟਨ ਦਾ ਐਲਾਨ ਚੀਨ ਨੇ ਕਰ ਦਿੱਤਾ ਹੈ। ਇਸ ਦੇ ਨਾਲ ਹੀ ਪ੍ਰਾਜੈਕਟ ਦੇ ਆਲੋਚਕਾਂ ਨੇ ਇਸ ਵਿਚ ਵਰਤੀ ਗਈ ਅਪਾਰਦਰਸ਼ਿਤਾ ਲਈ ਬੀਜਿੰਗ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਪੁਲ ਦੇ ਹਮਾਇਤੀ ਲੋਕ ਇਸ ਨੂੰ ਇੰਜੀਨੀਅਰਿੰਗ ਦੀ ਇਕ ਬਿਹਤਰੀਨ ਮਿਸਾਲ ਦੱਸਦੇ ਹ, ਪਰ ਆਲੋਚਕ ਇਸ ਨੂੰ ਇਕ ਖ਼ਰਚੀਲਾ ਅਤੇ ਹਾਂਗਕਾਂਗ ਉਤੇ ਆਪਣਾ ਪ੍ਰਭਾਵ ਵਧਾਉਣ ਦੀ ਬੀਜਿੰਗ ਦੀ ਇਕ ਸਾਜ਼ਿਸ਼ ਦੱਸ ਰਹੇ ਹਨ। ਪੁਲ ਦੇ ਉਦਘਾਟਨ ਸਮਾਗਮ 'ਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਸ਼ਾਮਿਲ ਹੋਣ ਦੀ ਸੂਚਨਾ ਸੀ। ਸਥਾਨਕ ਮੀਡੀਆ ਨੂੰ ਮੰਗਲਵਾਰ ਇਸ ਪੁਲ ਦੇ ਉਦਘਾਟਨ ਸਮਾਗਮ ਦਾ ਸੱਦਾ ਭੇਜਿਆ ਗਿਆ ਸੀ, ਪਰ ਇਸ ਪਿੱਛੋਂ ਉਨ੍ਹਾਂ ਨੂੰ ਅਧਿਕਾਰਕ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਇਹ ਵੀ ਦੱਸਿਆ ਨਹੀਂ ਗਿਆ ਕਿ ਪੁਲ 'ਤੇ ਆਵਾਜਾਈ ਸ਼ੁਰੂ ਹੋਈ ਜਾਂ ਨਹੀਂ। ਪੁਲ ਦੀ ਖ਼ਾਸੀਅਤ ਇਹ ਹੈ ਕਿ 55 ਕਿਲੋਮੀਟਰ ਲੰਬੇ ਇਸ ਪੁਲ ਦਾ ਨਿਰਮਾਣ ਸਾਲ 2009 'ਚ ਸ਼ੁਰੂ ਹੋਇਆ ਸੀ। ਪਰਲ ਰਿਵਰ ਈਸਟੂਰੀ ਉੱਤੇ ਬਣੇ ਸੱਪ-ਨੁਮਾ ਪੁਲ 'ਚ ਪਾਣੀ ਦੇ ਅੰਦਰ ਸੁਰੰਗ ਵੀ ਬਣਾਈ ਗਈ ਹੈ। ਇਹ ਪੁਲ ਹਾਂਗਕਾਂਗ ਦੇ ਲੰਤਾਊ ਟਾਪੂ ਅਤੇ ਚੀਨ ਦੇ ਦੱਖਣੀ ਸ਼ਹਿਰ ਝੁਹੈਈ ਅਤੇ ਗੈਂਬਲਿੰਗ ਨੂੰ ਮਕਾਊ ਨਾਲ ਜੋੜਦਾ ਹੈ।

## ਆਸਟਰੇਲੀਅਨ ਸੈਨੇਟ ਵਿੱਚ 'ਓਕੇ ਟੂ ਬੀ ਵਾਈਟ' ਦਾ ਮਤਾ ਤਿੰਨ ਵੋਟਾਂ ਨਾਲ ਰੱਦ



ਬ੍ਰਿਸਬੇਨ, 18 ਅਕਤੂਬਰ (ਪੋਸਟ ਬਿਊਰੋ)- ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸਕੌਟ ਮੋਰੇਸਨ ਨੇ ਕੱਲ੍ਹ ਇਸ ਗੱਲ ਦਾ ਪਛਤਾਵਾ ਪ੍ਰਗਟ ਕੀਤਾ ਹੈ ਕਿ ਉਸ ਦੀ ਲਿਬਰਲ ਪਾਰਟੀ ਦੇ ਸੈਨੇਟ ਮੈਂਬਰਾਂ ਨੇ ਪਾਰਲੀਮੈਂਟ 'ਚ ਉਸ ਮਤੇ ਦੇ ਹੱਕ 'ਚ ਵੋਟਾਂ ਪਾ ਦਿੱਤੀਆਂ, ਜਿਸ ਦੇ ਅਨੁਸਾਰ ਗੋਰੇ ਲੋਕਾਂ ਉਪਰ ਜ਼ੁਲਮ ਹੋ ਰਹੇ ਹਨ।

ਸਤੰਬਰ ਮਹੀਨੇ ਵਿੱਚ ਇਥੋਂ ਦੀ ਵਨ ਨੇਸ਼ਨ ਪਾਰਟੀ, ਜੋ ਅਕਸਰ ਏਸ਼ੀਅਨ, ਮੁਸਲਿਮ ਸਮੇਤ ਗੈਰ ਗੋਰੇ ਲੋਕਾਂ ਦੇ ਖਿਲਾਫ ਜ਼ਹਿਰ ਉਗਲਦੀ ਰਹਿੰਦੀ ਹੈ, ਦੀ ਆਗੂ ਪੋਲੀਨ ਹੈਨਸਨ ਨੇ ਇਕ ਮਤਾ ਪਾਰਲੀਮੈਂਟ 'ਚ ਪੇਸ਼ ਕੀਤਾ ਸੀ, ਜਿਸ ਵਿੱਚ ਓਕੇ ਟੂ ਬੀ ਵਾਈਟ (ਭਾਵ ਗੋਰੇ ਹੋਣਾ ਠੀਕ ਹੈ) ਲਿਆਂਦਾ ਗਿਆ ਸੀ। ਅਸਲ ਵਿੱਚ ਇਸ ਤਰ੍ਹਾਂ ਦੀ ਗੱਲ ਗੋਰੇ ਸੱਜੇ ਪੱਖੀ ਦੂਸਰੇ ਰੰਗ ਵਾਲੇ ਲੋਕਾਂ ਦੇ ਖਿਲਾਫ ਨਸਲੀ ਭੇਦਭਾਵ ਵੇਲੇ ਵਰਤਦੇ ਹਨ। ਇਸ ਬਿੱਲ ਜਾਂ ਇਸ ਪ੍ਰਕਾਰ ਦੀਆਂ ਗੱਲਾਂ ਸੱਜੇ ਪੱਖੀ ਵਿਚਾਰਧਾਰਾ ਦੇ ਆਗੂ ਕਰਦੇ ਹਨ, ਉਨ੍ਹਾਂ ਨੂੰ ਲੱਗਦਾ ਹੈ ਕਿ ਗੈਰ ਗੋਰੇ ਲੋਕਾਂ ਦੀ ਆਬਾਦੀ ਨੂੰ ਮਾਈਗ੍ਰੇਸ਼ਨ ਰਾਹੀਂ ਕਿਸੇ ਤਰ੍ਹਾਂ ਰੋਕਿਆ ਜਾ ਸਕੇ। ਉਹ ਚਾਹੁੰਦੇ ਹਨ ਕਿ ਵੱਧ ਤੋਂ ਵੱਧ ਗੋਰੇ ਹੀ ਇਥੇ ਆਉਣ। ਇਸ ਮਤੇ ਨੂੰ ਸੱਤਾਧਾਰੀ ਪਾਰਟੀ ਵੱਲੋਂ ਸਮਰਥਨ ਦੇਣ ਕਰਕੇ ਸਥਿਤੀ ਬਹੁਤ ਨਾਜ਼ੁਕ ਹੋ ਗਈ ਸੀ।

ਡਿਪਟੀ ਆਗੂ ਸਮੇਤ ਕਈ ਮੰਤਰੀਆਂ ਅਤੇ ਮੈਂਬਰਾਂ ਨੇ ਇਸ ਮਤੇ ਦੇ ਹੱਕ ਵਿੱਚ ਵੋਟਾਂ ਪਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਸ ਬਿੱਲ ਨੂੰ ਇਕੋ-ਇਕ ਅਫਰੀਕਨ ਮੂਲ ਦੇ ਮੈਂਬਰ ਨੇ ਵੀ ਸਮਰਥਨ ਦਿੱਤਾ ਅਤੇ ਸੈਨਟ ਮੁਖੀ ਤੇ ਪੰਜ ਹੋਰ ਮੈਂਬਰ ਇਸ ਦੇ ਵਿਰੋਧ 'ਚ ਵੋਟਾਂ ਪਾਉਣ ਦੀ ਥਾਂ ਸੈਨਟ ਤੋਂ ਗੈਰ ਹਾਜ਼ਰ ਰਹੇ। ਇਸ ਮਤੇ ਦੇ ਹੱਕ ਵਿੱਚ 28 ਅਤੇ ਵਿਰੋਧ 'ਚ 31 ਵੋਟਾਂ ਪਾਈਆਂ। ਲੇਬਰ ਪਾਰਟੀ, ਗ੍ਰੀਨ ਪਾਰਟੀ ਪੱਤਰਕਾਰ ਡੇਵਿਡ ਹਿਨਚ ਸਮੇਤ ਕੁਝ ਹੋਰ ਆਜ਼ਾਦ ਮੈਂਬਰਾਂ ਦੇ ਸਮਰਥਨ ਨਾਲ ਜਿੱਤ ਪ੍ਰਾਪਤ ਹੋਈ। ਪ੍ਰਧਾਨ ਮੰਤਰੀ ਅਤੇ ਸੈਨੇਟ ਆਗੂ ਨੇ ਇਸ ਮਤੇ ਉਪਰ ਨਾ ਖੁਸ਼ੀ ਪ੍ਰਗਟ ਕੀਤੀ, ਪਰ ਦੂਜੇ ਪਾਸੇ ਗੈਰ ਗੋਰਾ ਪ੍ਰਵਾਸੀ ਭਾਈਚਾਰਾ, ਜਿਸ ਵਿੱਚ ਪੰਜਾਬੀਆਂ ਸਮੇਤ ਭਾਰਤੀਆਂ ਦੇ ਕਿਸੇ ਵੀ ਆਗੂ ਜਾਂ ਜਥੇਬੰਦੀ ਵੱਲੋਂ ਕੋਈ ਪ੍ਰਤੀਕਰਮ ਨਹੀਂ ਦਿੱਤਾ ਗਿਆ।

## ਬ੍ਰਹਮੋਸ ਦੇ ਮੁਕਾਬਲੇ ਚੀਨ ਨੇ ਸੁਪਰਸੋਨਿਕ ਮਿਜ਼ਾਈਲ ਤਜਰਬਾ ਕੀਤਾ



ਬੀਜਿੰਗ, 18 ਅਕਤੂਬਰ (ਪੋਸਟ ਬਿਊਰੋ)- ਇਕ ਪਾਸੇ ਭਾਰਤ ਵਿੱਚ ਐਟਮੀ ਹਥਿਆਰ ਲੈ ਕੇ ਜਾਣ ਵਾਲੇ ਰਾਫੇਲ ਜਹਾਜ਼ ਬਾਰੇ ਵਿਵਾਦ ਜਾਰੀ ਹੈ, ਦੂਸਰੇ ਪਾਸੇ ਗੁਆਂਢੀ ਦੇਸ਼ ਚੀਨ ਦੀ ਇਕ ਮਾਈਨਿੰਗ ਕੰਪਨੀ ਨੇ ਇਕ ਸੁਪਰਸੋਨਿਕ ਮਿਜ਼ਾਈਲ ਦਾ ਸਫਲ ਤਜਰਬਾ ਕਰਨ ਦਾ ਦਾਅਵਾ ਕੀਤਾ ਹੈ।

ਦੱਸਿਆ ਜਾਂਦਾ ਹੈ ਕਿ ਭਾਰਤ ਅਤੇ ਰੂਸ ਦੇ ਸਾਂਝੇ ਯਤਨਾਂ ਨਾਲ ਬਣੀ ਬ੍ਰਹਮੋਸ ਮਿਜ਼ਾਈਲ ਦੇ ਮੁਕਾਬਲੇ ਇਹ ਮਿਜ਼ਾਈਲ ਚੀਨ ਨੇ ਤਿਆਰ ਕੀਤੀ ਹੈ। ਚੀਨੀ ਮੀਡੀਆ ਦਾ ਦਾਅਵਾ ਹੈ ਕਿ ਪਾਕਿਸਤਾਨ ਇਥੇ ਐਚ ਡੀ-1 ਸੁਪਰਸੋਨਿਕ ਮਿਜ਼ਾਈਲ ਚੀਨ ਤੋਂ ਖਰੀਦਣ ਜਾ ਰਿਹਾ ਹੈ। ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਸ ਦੇ ਮੁਤਾਬਕ ਬੀਤੇ ਸੋਮਵਾਰ ਨੂੰ ਉਤਰੀ ਚੀਨ ਦੇ ਇਕ ਗੁਪਤ ਸਥਾਨ 'ਤੇ ਇਸ ਮਿਜ਼ਾਈਲ ਦਾ ਪ੍ਰੀਖਣ ਕੀਤਾ ਗਿਆ। ਦੱਖਣੀ ਚੀਨ ਵਿਚਲੇ ਗਵਾਂਗਡੋਂਗ ਹੋਂਡਾ ਬਲਾਸਟਿੰਗ ਕੰਪਨੀ ਦੇ ਜਾਰੀ ਬਿਆਨ ਮੁਤਾਬਕ ਪ੍ਰੀਖਣ ਦੌਰਾਨ ਸਾਰੇ ਪੈਮਾਨਿਆਂ 'ਤੇ ਐਚ ਡੀ-1 ਸੁਪਰਸੋਨਿਕ ਮਿਜ਼ਾਈਲ ਖਰੀ ਉਤਰੀ ਹੈ। ਬੀਜਿੰਗ ਦੇ ਫੌਜੀ ਮਾਹਰ ਵੀ ਡੋਂਜੂ ਨੇ ਦੱਸਿਆ ਕਿ ਮਾਈਇਨਿੰਗ ਕੰਪਨੀ ਨੇ ਸੁਤੰਤਰ ਤੌਰ 'ਤੇ ਐਚ ਡੀ-1 ਮਿਜ਼ਾਈਲ 'ਚ ਨਿਵੇਸ਼ ਕਰਕੇ ਉਸ ਨੂੰ ਵਿਕਸਤ ਕੀਤਾ ਹੈ। ਇਸ ਨੂੰ ਜੰਗੀ ਜਹਾਜ਼ਾਂ ਤੇ ਜੰਗੀ ਬੇੜਿਆਂ 'ਚ ਤਾਇਨਾਤ ਕੀਤਾ ਜਾ ਸਕਦਾ ਹੈ। ਇਸ ਮਿਜ਼ਾਈਲ 'ਚ ਚੀਨੀ ਕੰਪਨੀ ਨੇ 18.8 ਕਰੋੜ ਡਾਲਰ ਦਾ ਨਿਵੇਸ਼ ਕੀਤਾ ਹੈ।

ਗਲੋਬਲ ਟਾਈਮਸ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਪਾਕਿਸਤਾਨ ਚੀਨ ਦੀ ਇਹ ਨਵੀਂ ਮਿਜ਼ਾਈਲ ਖਰੀਦ ਸਕਦਾ ਹੈ, ਜਿਸ ਨੂੰ ਭਾਰਤ ਦੇ ਬ੍ਰਹਮੋਸ ਤੋਂ ਬਿਹਤਰ ਦੱਸਿਆ ਗਿਆ ਹੈ। ਫੌਜੀ ਮਾਹਰ ਨੇ ਵੀ ਦੱਸਿਆ ਕਿ ਸੁਪਰਸੋਨਿਕ ਰਫਤਾਰ ਨਾਲ ਐਂਟੀ ਮਿਜ਼ਾਈਲ ਪ੍ਰਣਾਲੀ 'ਚ ਸਮਰੱਥ ਇਸ ਮਿਜ਼ਾਈਲ 'ਚ ਪਾਕਿਸਤਾਨ ਤੇ ਮੱਧ ਪੂਰਬ ਦੇ ਦੇਸ਼ ਦਿਲਚਸਪੀ ਦਿਖਾ ਰਹੇ ਹਨ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

Auto | Home | Business
"ਵਾਜਿਬ ਰੇਟ ਤੇ ਵਧੀਆ ਕਵਰੇਜ"
LUCKY
- Unbeatable Prices
- Good Rates
- Huge Discounts on Various Insurances
Harmanjeet Kaur | 905.602.1629
LUCKY INSURANCE BROKERS LIMITED
1550 South Gateway Road, Suite #230
Mississauga, ON L4W 5G6

Honesty, Reliability, Commitment
HOMELIFE SILVERCITY
"Open House Until Sold"
Hira Randhawa
Broker
- 1 yr Home Warranty
- 40% Discount on Brand Name
- Appliances & Furniture
- Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585
$299,900 — Hwy 20 & Stanley St. — Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.
$619,000 — Wanless & Mclaughlin — Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities
$639,000 — Hwy 10/ Sandalwood — A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.
$699,900 — Chinguacousy/Queen — Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance Call: 416.319.0551

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

MICHELIN · Hankook · Continental · ROADLUX · BFGoodrich · AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum - On Special Sale! -Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055






# Matrimonial
## ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Seeking a suitable match for Brahmin Boy, Height 5'-10", September 1981 born, ME Computers. Canadian PR holder. Well settled and working with reputed MNC. Contact +1-416-825-8106. Please send biodata and recent pictures at brahminboy81@gmail.com

Mann ਜੱਟ ਸਿੱਖ,ਉਮਰ 25 ਸਾਲ, ਕੱਦ 6 ਫੁੱਟ, Italian born, , ਚੰਗੀ ਨੌਕਰੀ ਕਰਦੇ ਲੜਕੇ ਲਈ PR ਜੱਟ ਸਿੱਖ ਲੜਕੀ ਦੀ ਲੋੜ। ਸਟੂਡੈਂਟ ਜਾਂ work permit 'ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਲੜਕਾ work permit 'ਤੇ ਹੈ। ਸੰਪਰਕ ਕਰੋ - 647-981-0014 , 416-918-7517

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਭੁੱਲਰ ਲੜਕਾ, ਉੱਮਰ 35 ਸਾਲ, ਕੱਦ 6'1", ਕੈਨੇਡੀਅਨ ਸਿਟੀਜਨ ਲਈ ਲੜਕੀ ਦੀ ਲੋੜ ਹੈ। ਲੜਕਾ ਸੈਟਲਡ ਹੈ ਅਤੇ ਵਧੀਆ ਨੌਕਰੀ ਕਰ ਰਿਹਾ ਹੈ। ਪਹਿਲ ਮਾਲਵੇ ਜਿਲ੍ਹੇ ਨੂੰ ਦਿੱਤੀ ਜਾਵੇਗੀ। ਕਾਲ ਕਰੋ: 905-672-6641 F

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

## ਲੜਕੀ ਦੀ ਲੋੜ

ਜੱਟ ਸਿੱਖ ਵੈਸ਼ਨੂੰ ਲੜਕਾ, ਉਮਰ 27 ਸਾਲ, ਕੱਦ 6 ਫੁੱਟ, Post Graduate + N.I.S ਵਿੱਚ Diploma, Clean Shave, ਸਰਕਾਰੀ ਜੋਬ, ਵਿਜ਼ਟਰ ਵੀਜ਼ੇ ਤੇ ਆਏ ਲੜਕੇ ਲਈ P.R/Citizen/Student ਲੜਕੀ ਦੀ ਲੋੜ ਹੈ. Currently Working in S.A.I North India; Mom retired principal, Father is working in Private Sector; ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:- 905-956-4499 | 647-285-2299 ਜਾਂ +91 98147-10102 (Whatsapp Only)

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 I 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋਂ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਦਿੱਲੀ ਵਿਚ ਨਜਮੇ ਤੇ ਦਿੱਲੀ ਯੂਨੀਵਰਸਿਟੀ ਤੋਂ ਗਰੈਜੂਏਟ 47 ਸਾਲਾ ਦੇ ਜਵਾਨ ਲੜਕੇ ਲਈ ਇਕ ਸਿਹਤਮੰਦ ਜੀਵਨ ਸਾਥਣ ਉਮਰ ਲਗ ਭਗ 40 ਸਾਲ ਦੀ ਲੋੜ ਹੈ। ਲੜਕੇ ਦੇ ਦਿੱਲੀ, ਨਿਊਯਾਰਕ ਤੇ ਬਰੈਂਪਟਨ ਵਿਚ ਆਪਣੇ ਰਿਹਾਇਸ਼ੀ ਘਰ ਹਨ। ਨਿਊਯਾਰਕ ਮੈਨਹਟਨ ਵਿਚ ਆਪਣਾ ਮੋਬਾਈਲ ਤੇ ਇਲੈਕਟਰੌਨਿਕ ਦਾ ਕਾਰੋਬਾਰ ਹੈ। ਲੜਕੀ ਕੰਮ ਕਰਦੀ, ਕੈਨੇਡਾ ਦੀ ਪੀ ਆਰ, ਨੈਤਿਕਤਾ ਭਰਪੂਰ, ਹਿੰਦੂ ਜਾਂ ਸਿੱਖ ਪਰਵਾਰ ਵਿਚੋਂ ਹੋਣੀ ਚਾਹੀਦੀ ਹੈ। 516-620-0565 ਤੇ ਫੋਨ ਕਰੋ।

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ Born 1993 , ਕੱਦ 5'2", Post Graduate in Canada & GNM Nursing india ਲਈ ਲੜਕੇ ਦੀ ਲੋੜ ਹੈ। ਲੜਕੀ Canada ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੀ ਹੈ। ਸਿਰਫ ਓਹੀ ਸੰਪਰਕ ਕਰਨ ਜੋ ਕਿ ਲੜਕੀ ਦੇ ਚਾਚੇ ਦੀ ਲੜਕੀ Born 1991 , ਕੱਦ 5'6", GNM Nursing india & Nanny Passed ਨੂੰ ਕੈਨੇਡੀਅਨ ਲੜਕੇ ਦਾ ਰਿਸ਼ਤਾ ਕਰਵਾ ਸਕਣ. Ontario/Malwa ਨੂੰ ਪਹਿਲ ਦਿੱਤੀ ਜਾਵੇਗੀ.
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-965-4916 | 647-548-5959

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com


Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਦਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ ।
ਸੰਪਰਕ ਕਰੋ: 647-616-4244, 647-328-1601 ਜਾਂ
Whatsapp- 700-90-60-269

## ਗਾਇਕ ਤੇ ਗਿਟਾਰਿਸਟ



Available for all Kinds of Events

Supreet Singh
Singer
647-300-0666
supreetsingh4171@gmail.com

## Domestic Help Required

Looking for domestic help which includes meal preparation, house cleaning and other supportive duties for two senior citizens.

- Work is 3 days per week.
- Punjabi/Hindi and English Preffered
- Wage will be $15.00 / hour.
- Must have a car to drive to work.

This care is for my inlaws in Carlisle Ontario (west of Milton).

Please call Tripat Bratch, 905-689-0164."

ਔਰਤਾਂ, ਮਰਦਾਂ ਅਤੇ ਬਚਿਆ ਦੀਆਂ ਬੀਮਾਰੀਆ
Chronic diseases of Men, Women and Children

Home Visit G Singh;
Ph: 416.931.0028

Dr. Edward Bach Flower Remedies

INNOVATION TRANSPORTATION
NEEDED A/Z CITY DRIVER
ਸਿਟੀ ਦੇ ਕੰਮ ਲਈ A/Z ਡਰਾਈਵਰਾਂ ਦੀ ਲੋੜ ਹੈ
○ 7 Days Work ○ All Shifts Available
* A/Z Driver Needed
* City Drivers Also Needed
* Good Pay/Mileage
* Day & Afternoon Shift & Weekend
* Weekly Pay
NOW HIRING $22 /Hour
Call : 416- 268-9952
70 Delta Park Blvd, Unit # 4, Brampton

ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

YOUR AD HERE
Check our Free E-paper at:
www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਘਨੋਆ

# ਜ਼ਿੰਦਗੀ ਪੰਜਾਬੀ ਸਾਹਿਤ ਸਿਰਜਣਾ ਦੇ ਲੇਖੇ ਲਾਉਣ ਲਈ ਵਚਨਬੱਧ ਪ੍ਰਸਿੱਧ ਪੰਜਾਬੀ ਕਵੀ : ਗੁਰਚਰਨ ਰਾਮਪੁਰੀ

ਸਤਨਾਮ ਸਿੰਘ ਢਾਹ

### ਲੜੀ ਜੋੜਨ ਲਈ ਪਿਛਲੇ ਦੋ ਅੰਕ ਦੇਖੋ

? ਰਾਮਪੁਰੀ ਜੀ, ਇਕ ਹੋਰ ਬਹੁਤ ਹੀ ਜ਼ਰੂਰੀ ਸਵਾਲ ਪੰਜਾਬੀ ਬੋਲੀ ਬਾਰੇ, ਦੇਸ਼, ਵਿਦੇਸ਼ ਵਿੱਚ ਤੁਹਾਨੂੰ ਪੰਜਾਬੀ ਬੋਲੀ ਦਾ ਭਵਿੱਖ ਕਿਹੋ ਜਿਹਾ ਲਗਦਾ ਹੈ?

– ਢਾਅ ਜੀ, ਬੜਾ ਹੀ ਅਹਿਮ ਸਵਾਲ ਹੈ, ਅਸੀਂ ਪੰਜਾਬੀ ਲੋਕ ਪਿਛਲੇ 100 ਸਾਲਾਂ ਤੋਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਵਸੇ ਹੋਏ ਹਾਂ। ਇਹਦੇ ਨਾਲ ਹੀ ਪਹਿਲੀ ਪੀੜ੍ਹੀ ਦੀ ਕੋਸ਼ਿਸ਼ ਹੁੰਦੀ ਹੈ ਕਿ ਪੰਜਾਬੀ ਬੋਲੀ ਨੂੰ ਜਿਉਂਦਾ ਰੱਖਿਆ ਜਾਵੇ। ਇਸ ਵਿਚਾਰ ਨੂੰ ਲੈ ਕੇ ਕਈ ਉੱਦਮ ਹੋਏ ਹਨ, ਹੁਣ ਵੀ ਜਾਰੀ ਹਨ। ਇਸ ਕਰਕੇ ਮੈਨੂੰ ਲੱਗਦਾ ਕਿ ਪ੍ਰਦੇਸਾਂ ਵਿੱਚ ਤਾਂ ਪੰਜਾਬੀ ਬੋਲੀ ਦਾ ਭਵਿੱਖ ਠੀਕ ਹੀ ਹੈ। ਪਰ ਖ਼ਤਰਾ ਮੈਨੂੰ ਆਪਣੇ ਮੁਲਕ ਵਿੱਚ ਖ਼ਾਸ ਕਰ ਪੰਜਾਬ ਵਿੱਚ ਲੱਗਦੈ। ਜਿਵੇਂ ਤੁਹਾਨੂੰ ਪਤਾ ਹੈ ਕਿ ਟਰਾਂਟੋ, ਵੈਨਕੂਵਰ, ਐਡਮਿੰਟਨ ਅਤੇ ਕੈਲਗਰੀ ਵਿੱਚ ਆਪਣੇ ਲੋਕ ਕਾਫ਼ੀ ਹਨ। ਇਨ੍ਹਾਂ ਸ਼ਹਿਰਾਂ ਵਿੱਚ ਇਸ ਕਰਕੇ ਸਰਕਾਰੀ ਤੌਰ ਤੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਦਾ ਇੰਤਜ਼ਾਮ ਵੀ ਹੈ। ਦੂਸਰੇ ਪਾਸੇ ਸਾਡੇ ਪੰਜਾਬ ਵਿੱਚ ਪੰਜਾਬੀ ਨੂੰ ਛੱਡ ਕੇ ਆਪਣੇ ਬੱਚਿਆਂ ਨੂੰ ਹਿੰਦੀ ਤੇ ਅੰਗਰੇਜ਼ੀ ਪੜ੍ਹਾਉਣ ਤੇ ਜ਼ੋਰ ਦੇ ਰਹੇ ਹਨ। ਹੁਣ ਜਿਹੜੇ ਲੋਕ ਬਿਹਾਰ ਵਿੱਚੋਂ ਪੰਜਾਬ ਵਿੱਚ ਮਜ਼ਦੂਰੀ ਕਰਨ ਆਏ ਹਨ, ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਪੜ੍ਹਦੇ, ਬੋਲਦੇ ਤੇ ਲਿਖਦੇ ਹਨ।

ਤੁਸੀਂ ਦੇਖੋਗੇ ਕਿ ਇੰਗਲਿਸ਼ ਸਕੂਲ ਹਰ ਪਿੰਡ ਤੇ ਸ਼ਹਿਰ ਦੇ ਹਰ ਮੁਹੱਲੇ ਦੇ ਹਰ ਖੂੰਜੇ ਤੇ ਵਿਉਪਾਰੀਆਂ ਨੇ ਖੋਲ੍ਹੇ ਹੋਏ ਹਨ। ਜਿਨ੍ਹਾਂ ਦਾ ਨਾ ਕੋਈ ਸਟੈਂਡਰਡ, ਨਾ ਚੰਗੇ ਪੜ੍ਹੇ ਲਿਖੇ ਤਜ਼ਰਬੇਕਾਰ ਟੀਚਰ, ਨਾ ਖੇਡਣ ਲਈ ਕੋਈ ਗਰਾਊਂਡਾਂ ਦੀਆਂ ਸਹੂਲਤਾਂ ਹਨ। ਗ਼ਰੀਬ ਲੜਕੇ ਲੜਕੀਆਂ ਜਿਨ੍ਹਾਂ ਨੇ ਟੈੱਨ ਪਲੱਸ ਟੂ ਕੀਤਾ ਜਾਂ ਬੀ. ਏ. ਪਾਸ ਕੀਤੀ ਹੁੰਦੀ ਹੈ, ਉਨ੍ਹਾਂ ਨੂੰ ਐਵੇਂ ਮਾਮੂਲੀ ਜਿਹੀ ਤਨਖਾਹ ਦੇ ਕੇ ਪ੍ਰਾਈਵੇਟ ਪਬਲਿਕ ਸਕੂਲਾਂ ਵਾਲੇ ਲੋਕਾਂ ਤੋਂ ਮੋਟੀਆਂ ਰਕਮਾਂ ਅਟੇਰੀ ਜਾਂਦੇ ਹਨ। ਹੁਣ ਉਹ ਬੱਚੇ ਨਾ ਹੀ ਆਪਣੀ ਮਾਂ ਬੋਲੀ ਸਿੱਖਣ ਯੋਗੇ ਹਨ ਤੇ ਨਾ ਹੀ ਹਿੰਦੀ, ਅੰਗਰੇਜ਼ੀ। ਘਰਾਂ ਵਿੱਚ ਮਾਪੇ ਟੁੱਟੀ ਫੁੱਟੀ ਹਿੰਦੀ ਤੇ ਅੰਗਰੇਜ਼ੀ ਬੋਲਦੇ ਹਨ। ਅੱਜ ਕੱਲ੍ਹ ਪਿੰਡਾਂ ਵਿੱਚ ਵੀ ਬਿਹਾਰੀਆਂ ਨਾਲ ਲੋਕ ਪੰਜਾਬੀ 'ਚ ਹਿੰਦੀ ਰਲ਼ਾ ਕੇ ਬੋਲਣ ਦੇ ਫ਼ੈਸ਼ਨ ਦਾ ਸ਼ਿਕਾਰ ਹੋ ਗਏ ਹਨ। ਹੁਣ ਤੁਸੀਂ ਦੱਸੋ ਕਿ ਪੰਜਾਬੀ ਮਾਂ ਬੋਲੀ ਨੂੰ ਖ਼ਤਰਾ ਦੇਸ਼ ਵਿੱਚ ਹੈ ਜਾਂ ਵਿਦੇਸ਼ਾਂ ਵਿੱਚ। ਸਾਡੇ ਲੋਕ ਆਪਣੀ ਮਾਂ ਬੋਲੀ ਪ੍ਰਤੀ ਅਣਗਹਿਲੀ, ਬੇਰੁੱਖੀ ਵਾਲਾ ਵਤੀਰਾ ਅਪਨਾ ਰਹੇ ਹਨ ਜੋ ਮਾੜੀ ਗੱਲ ਹੈ। ਕੈਨੇਡਾ ਵਰਗੇ ਦੇਸ਼ਾਂ ਵਿੱਚ ਲੋਕ ਆਪਣੀ ਮਾਂ ਬੋਲੀ ਨੂੰ ਜਿਉਂਦਿਆਂ ਰੱਖਣ ਲਈ ਯਤਨਸ਼ੀਲ ਹਨ। ਹੋਰ ਦੇਸ਼ਾਂ ਵਿੱਚ ਵੀ ਜਿੱਥੇ ਪੰਜਾਬੀ ਵਸੇ ਹੋਏ ਹਨ, ਜਿਵੇਂ ਇੰਗਲੈਂਡ ਅਮਰੀਕਾ ਵਿੱਚ ਮਾਂ ਬੋਲੀ ਨੂੰ ਜਿਉਂਦਿਆਂ ਰੱਖਣ ਪ੍ਰਤੀ ਕਾਫ਼ੀ ਸੁਚੇਤ ਹਨ। ਪਰ ਸਾਡੇ ਦੇਸ਼ ਵਿੱਚ ਖ਼ਾਸ ਕਰ ਪੰਜਾਬ ਵਿੱਚ ਲੋਕ ਮਾਂ ਬੋਲੀ ਪ੍ਰਤੀ ਉਨੇ ਚਿੰਤਾਤੁਰ ਨਜ਼ਰ ਨਹੀਂ ਆ ਰਹੇ। ਸੋ ਇਹ ਇੱਕ ਚਿੰਤਾਜਨਕ ਰੁਝਾਨ ਹੈ। ਸੋ ਲੋੜ ਹੈ ਐਹੋ ਜਿਹੇ ਜਤਨਾਂ ਜਿਸ ਨਾਲ ਪੰਜਾਬੀ ਬੋਲੀ ਨੂੰ ਲੰਬੇ ਸਮੇਂ ਲਈ ਜਿਉਂਦਾ ਰੱਖਿਆ ਜਾ ਸਕੇ। ਸਾਨੂੰ ਸਭ ਨੂੰ ਸੋਚਣ ਦੀ ਲੋੜ ਹੈ।

? ਸਮੁੱਚਾ ਪੰਜਾਬੀ ਸਾਹਿਤ ਬਾਕੀ ਦੁਨੀਆਂ ਦੇ ਸਾਹਿਤਕ ਇਤਿਹਾਸ ਵਿੱਚ ਕਿੱਥੇ ਕੁ ਖੜ੍ਹਾ ਸਮਝਦੇ ਹੋ?

– ਸੰਸਾਰ ਸਾਹਿਤ ਬਾਰੇ ਮੇਰੀ ਜਾਣਕਾਰੀ ਬਹੁਤ ਸੀਮਤ ਹੈ। ਪਰ ਪੰਜਾਬੀ ਸਾਹਿਤ ਬਾਰੇ ਮੈਂ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਚੰਗੇਰਾ ਸਾਹਿਤ ਹਮੇਸ਼ਾ ਲਿਖਿਆ ਜਾਂਦਾ ਰਹੇਗਾ। ਮੇਰੇ ਲਈ ਸੰਸਾਰ ਸਾਹਿਤ ਵਿੱਚ ਪੰਜਾਬੀ ਸਾਹਿਤ ਦਾ ਸਥਾਨ ਮਿਥਣਾ ਸੰਭਵ ਨਹੀਂ।

? ਪੰਜਾਬੀ ਸਾਹਿਤ ਦੀ ਵਰਗ ਵੰਡ ਬਾਰੇ ਕੀ ਕਹਿਣਾ ਚਾਹੋਗੇ? ਬਹੁਤ ਸਾਰੇ ਲੋਕ ਦੇਸ਼ ਵਿੱਚੋਂ ਬਾਹਰ ਰਚੇ ਗਏ ਸਾਹਿਤ ਨੂੰ ਉਹ ਮਾਣ ਸਤਿਕਾਰ ਨਹੀਂ ਦਿੰਦੇ ਜੋ ਦੇਸ਼ ਵਿੱਚ ਰਚੇ ਸਾਹਿਤ ਨੂੰ ਦਿੰਦੇ ਹਨ। ਤੁਸੀਂ ਇਹਦੇ ਬਾਰੇ ਕੀ ਕਹਿਣਾ ਚਾਹੋਗੇ?

–ਸਤਨਾਮ ਜੀ, ਪੰਜਾਬੀ ਸਾਹਿਤ ਅਨੇਕਾ



ਦੇਸ਼ਾਂ ਵਿੱਚ ਰਹਿੰਦੇ ਹੋਏ ਨਵਾਂ ਸਾਹਿਤ ਰਚ ਰਹੇ ਹਨ। ਮੇਰੇ ਖ਼ਿਆਲ ਨਾਲ ਤਾਂ ਸਾਰਾ ਸਾਹਿਤ ਹੀ ਸਮੁਚਾ ਪੰਜਾਬੀ ਸਾਹਿਤ ਹੈ। ਇਸ ਵਿੱਚ ਦੇਸ਼ ਵਾਸੀ ਜਾਂ ਪਰਵਾਸੀ ਸਾਹਿਤ ਕਹਿ ਕੇ ਵੰਡ ਪਾਉਣੀ ਬੇਲੋੜੀ, ਗ਼ਲਤ ਅਤੇ ਗੈਰ-ਕੁਦਰਤੀ ਹੈ। ਮੈਂ ਇਸ ਵੰਡ ਦੇ ਖ਼ਿਲਾਫ਼ ਹਾਂ।

? ਤੁਸੀਂ ਹੁਣ ਤੱਕ ਲਿਖਾਰੀ ਸਭਾ ਰਾਮ-ਪੁਰ ਤੋਂ ਇਲਾਵਾ ਹੋਰ ਕਿਹੜੀਆਂ ਕਿਹੜੀਆਂ ਸਾਹਿਤਕ ਸੰਸਥਾਵਾਂ ਨਾਲ ਜੁੜੇ ਰਹੇ ਹੋ? ਕੀ ਇਹ ਸਭਾਵਾਂ ਲੇਖਕਾਂ ਲਈ ਮਦਦਗਾਰ ਹੋ ਰਹੀਆਂ ਹਨ?

–ਮੈਂ ਜਦੋਂ ਤੋਂ ਲਿਖਣ ਲੱਗਿਆ ਹਾਂ, ਉਸ ਸਮੇਂ ਤੋਂ ਹੀ ਬਹੁਤ ਸਾਰੀਆਂ ਸੰਸਥਾਵਾਂ ਨਾਲ ਜੁੜਨ ਦਾ ਜਤਨ ਕੀਤਾ ਹੈ। ਮੈਂ ਉਨ੍ਹਾਂ ਸੰਸਥਾਵਾਂ ਤੋਂ ਸਿੱਖਿਆ ਵੀ ਬਹੁਤ ਕੁਝ ਹੈ। ਮੈਂ ਤਕਰੀਬਨ 1948 ਤੋਂ ਲੈ ਕੇ ਜਿਨ੍ਹਾਂ ਸੰਸਥਾਵਾਂ ਨਾਲ ਜੁੜਿਆ, ਉਨ੍ਹਾਂ ਵਿੱਚੋਂ ਪਹਿਲੀ ਸੀ, ਅੰਜਮੁਨ-ਏ ਤਰੱਕੀ ਪਸੰਦ ਮਸੰਨਫੀਨ, ਲੁਧਿਆਣਾ (ਭਾਵ) ਅਗਾਂਹ-ਵਧੂ। ਫੇਰ ਪੰਜਾਬੀ ਲਿਖਾਰੀ ਸਭਾ ਰਾਮਪੁਰ ਦਾ ਮੋਢੀ ਪ੍ਰਧਾਨ ਕਾਫੀ ਦੇਰ ਰਿਹਾ, ਕੇਂਦਰੀ ਪੰਜਾਬੀ ਲਿਖਾਰੀ ਸਭਾ ਭਾਰਤ ਦਾ ਮੈਂਬਰ, ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ ਕੈਨੇਡਾ ਦਾ ਮੋਢੀ ਪ੍ਰਧਾਨ ਰਿਹਾਂ। ਇੰਟਰਨੈਸ਼ਨਲ ਪੰਜਾਬੀ ਆਥਰਜ਼ ਐਂਡ ਆਰਟਿਸਟ ਕੈਨੇਡਾ ਦਾ ਮੋਢੀ ਜਨਰਲ ਸਕਤਰ ਰਿਹਾਂ। ਇਸੇ ਤਰ੍ਹਾਂ ਪੰਜਾਬੀ ਲੇਖਕ ਮੰਚ ਵੈਨਕੂਵਰ ਦਾ ਵੀ ਮੋਢੀ ਪ੍ਰਧਾਨ ਰਿਹਾਂ। ਉਰਦੂ ਐਸੋਸ਼ੀਏਸ਼ਨ ਵੈਨਕੂਵਰ, (ਕੈਨੇਡਾ) ਦਾ ਜਨਰਲ ਸਕੱਤਰ ਰਿਹਾ ਹਾਂ। ਅੱਜ ਕੱਲ੍ਹ ਰਾਈਟਰਜ਼ ਯੂਨੀਅਨ ਆਫ਼ ਕੈਨੇਡਾ ਦਾ ਪੰਜਾਬੀ ਦਾ ਮੈਂਬਰ ਹਾਂ। ਅਸੀਂ ਇਨ੍ਹਾਂ ਸੰਸਥਾਵਾਂ ਤੋਂ ਬੜਾ ਕੁਝ ਸਿੱਖਦੇ ਹਾਂ, ਜਿੱਥੇ ਵੀ ਚਾਰ ਲਿਖਾਰੀ ਰਲ ਮਿਲ ਬੈਠਦੇ ਹਨ, ਖੁੱਲ੍ਹੀਆਂ ਵਿਚਾਰਾਂ ਕਰਨ ਅਤੇ ਇੱਕ ਦੂਜੇ ਤੋਂ ਸਿੱਖਣ ਸਿਖਾਉਣ ਦਾ ਬਹੁਤ ਹੀ ਵਧੀਆ ਮੌਕਾ ਮਿਲਦਾ ਹੈ। ਇਹ ਸਾਹਿਤਕ ਸਭਾਵਾਂ ਬਹੁਤ ਮਦਦਗਾਰ ਹਨ।

? ਤੁਹਾਡੇ ਕੀਤੇ ਸਾਹਿਤਕ ਕੰਮਾਂ ਨੂੰ ਦੇਖਦਿਆਂ ਕਿਸੇ ਸੰਸਥਾ ਨੇ ਕੋਈ ਮਾਨ ਸਨਮਾਣ...?

– ਮੈਨੂੰ ਸਮੇਂ ਸਮੇਂ ਬਹੁਤ ਮਿਹਰਬਾਨ ਲੋਕਾਂ ਅਤੇ ਸਾਹਿਤਕ ਜਥੇਬੰਦੀਆਂ ਨੇ ਮਾਣ ਸਨਮਾਨ ਬਖਸ਼ਿਆ। ਜਿਸ ਤਰ੍ਹਾਂ ਲੋਕ ਲਿਖਾਰੀ ਸਭਾ ਅੰਮ੍ਰਿਤਸਰ, ਪੰਜਾਬੀ ਲਿਖਾਰੀ ਸਭਾ ਰਾਮਪੁਰ, ਪੰਜਾਬੀ ਸਾਹਿਤ ਅਕੈਡਮੀ ਚੰਡੀਗੜ੍ਹ, ਭਾਸ਼ਾ ਵਿਭਾਗ ਪਟਿਆਲਾ, ਨੰਦ ਲਾਲ ਨੂਰਪੁਰੀ ਐਵਾਰਡ ਅਮਰੀਕਾ, ਸਾਈਂ ਬੁੱਲ੍ਹੇ ਸ਼ਾਹ ਐਵਾਰਡ ਡੈਨਮਾਰਕ, ਬੀ. ਸੀ. ਕਲਚਰਲ ਫਾਊਂਡੇਸ਼ਨ ਵੈਨਕੂਵਰ ਨੇ ਸਨਮਾਨਤ ਕੀਤਾ, ਕਰਤਾਰ ਸਿੰਘ ਧਾਲੀਵਾਲ ਐਵਾਰਡ ਲੁਧਿਆਣਾ, ਪੰਜਾਬੀ ਸਹਿਤ ਸਭਾ ਫਰਿਜ਼ਨੋ, ਕੈਲੇਫੋਰਨੀਆਂ ਨੇ ਸਨਮਾਨਿਤ ਕੀਤਾ। ਗੁਰੂ ਰਵਿਦਾਸ ਯੂਥ ਐਸੋਸੀਏਸ਼ਨ ਸਰੀ, ਕੈਨੇਡੀਅਨ ਪੰਜਾਬੀ ਕਲਾ ਮੰਚ ਵੈਨਕੂਵਰ, ਤੁਹਾਡੀ ਸਭਾ ਪੰਜਾਬੀ ਲਿਖਾਰੀ ਸਭਾ ਕੈਲਗਰੀ, ਮਨਜੀਤ ਮੈਮੋਰੀਅਲ ਸਾਹਿਤਕ ਐਵਾਰਡ ਨਾਲ ਮੇਰਾ ਮਾਣ ਸਨਮਾਨ ਕੀਤਾ। ਮੈਂ ਸਮਝਦਾ ਹਾਂ ਕਿ ਮੇਰੇ ਗੁਣਾਂ ਨਾਲੋਂ ਕਿਤੇ ਜ਼ਿਆਦਾ ਮਾਣ ਸਨਮਾਨ ਪੰਜਾਬੀ ਪਿਆਰਿਆਂ ਨੇ ਦਿੱਤਾ ਹੈ। ਮੈਂ ਆਪਣੇ ਸਨੇਹੀਆਂ ਦਾ ਸ਼ੁਕਰਗੁਜ਼ਾਰ ਹਾਂ।

? ਅੱਜ ਕੱਲ੍ਹ ਕੀ ਲਿਖ ਰਹੇ ਹੋ? ਜੋ ਕੁਝ ਅੱਜ ਤੱਕ ਲਿਖਿਆ ਹੈ ਉਸ ਨਾਲ ਸੰਤੁਸ਼ਟ ਹੋ? ਤੁਹਾਨੂੰ ਲੱਗਦਾ ਕਿ ਤੁਸੀਂ ਆਪਣੀ ਸ਼ਾਹਕਾਰ ਰਚਨਾਂ ਅਜੇ ਕਰਨੀ ਹੈ? ਜਾਂ ਲਿਖ ਚੁੱਕੇ ਹੋ?

–ਮੈਂ ਅੱਜ ਕੱਲ੍ਹ ਆਪਣੀ ਸਾਹਿਤਕ ਜੀਵਨੀ ਪੰਜਾਬੀ ਯੁਨੀਵਰਸਿਟੀ ਪਟਿਆਲਾ ਲਈ ਲਿਖ ਰਿਹਾ ਹਾਂ। ਪਰ ਇਹ ਕੰਮ ਬਹੁਤ ਮਧਮ ਰਫ਼ਤਾਰ ਨਾਲ ਹੋ ਰਿਹਾ ਹੈ। ਇਸ ਦਾ ਕਾਰਨ ਉਮਰ ਦਾ ਤਕਾਜ਼ਾ, ਸਿਹਤ, ਅਤੇ ਕੁਝ ਹੋਰ ਰੁਝੇਵੇ ਹਨ। ਕਦੇ ਕਦੇ ਦੋਹਾ ਜਾਂ ਕਵਿਤਾ ਵੀ ਲਿਖ ਹੋ ਜਾਂਦੀ ਹੈ। ਬਾਕੀ ਗੱਲ ਇਹ ਹੈ ਕਿ ਜੋ ਕੁਝ ਲਿਖਿਆ ਜਾ ਚੁੱਕਾ ਹੈ, ਉਸ ਤੋਂ ਮੈਂ ਸੰਤੁਸ਼ਟ ਹਾਂ। ਕੰਮਾਂ ਦਾ ਤਾਂ ਕੋਈ ਅੰਤ ਨਹੀਂ, ਬੜਾ ਕੁਝ ਅਜੇ ਕਰਨੇ ਵਾਲਾ ਪਿਆ ਹੈ। ਮੈਂ ਆਪਣੇ ਦੋਸਤਾਂ ਬਾਰੇ ਵੀ ਲਿਖਣਾ ਚਾਹੁੰਦਾ ਹਾਂ, ਮੈਂ ਮੁੱਕ ਜਾਵਾਂਗਾ, ਕੰਮ ਨਹੀਂ ਮੁਕਣੇ। ਮੈਨੂੰ ਲੱਗਦਾ ਇਹ ਕੰਮ ਆਖ਼ਰੀ ਦਮ ਤੱਕ ਚੱਲਣਗੇ।

? ਤੁਸੀਂ ਆਪਣੇ ਜ਼ਿੰਦਗੀ ਦੇ ਲੰਬੇ ਤਜ਼ਰਬੇ ਤੋਂ ਕੋਈ ਸੁੱਖ ਸੁਨੇਹਾ ਲੇਖਕਾਂ, ਪਾਠਕਾਂ ਜਾਂ ਫੇਰ ਆਮ ਲੋਕਾਂ ਨੂੰ...?

–ਲੇਖਕਾਂ ਨੂੰ ਸਲਾਹ ਤਾਂ ਮੈਂ ਕੀ ਦੇਣੀ ਹੈ। ਮੈਂ ਸਮਝਦਾ ਹਾਂ ਕਿ ਸਾਨੂੰ ਸਮੇਂ ਦਾ ਸੱਚ ਲਿਖਣਾ ਚਾਹੀਦਾ ਹੈ, ਉਹਦੇ ਲਈ ਸਮਾਂ ਕੱਢਣਾ ਚਾਹੀਦਾ ਹੈ। ਬਾਕੀ ਜਿਹੜਾ ਬੜੇ ਇਕੱਠ ਨੂੰ ਕਹਿਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਇਹ ਠੀਕ ਹੈ, ਤੁਹਾਡੇ ਕੋਲ ਕੰਮ ਬਹੁਤ ਨੇ ਕਰਨੇ ਨੂੰ, ਤੁਸੀਂ ਰੁੱਝੇ ਵੀ ਬਹੁਤ ਹੋ, ਤੁਹਾਡੇ ਕੋਲ ਪੈਸੇ ਵੀ ਬਹੁਤ ਹਨ। ਪਰ ਤੁਸੀਂ ਕੁਝ ਸਮਾਂ ਕਿਤਾਬਾਂ ਪੜ੍ਹਨ ਲਈ ਵੀ ਕੱਢੋ ਕਿਉਂਕਿ ਬਹੁਤ ਮਹਿੰਗੀਆਂ ਮਹਿੰਗੀਆਂ ਕਿਤਾਬਾਂ ਜਿਨ੍ਹਾਂ ਨੂੰ ਕਈ ਵਾਰ ਅਸੀਂ ਮੁੱਲ ਲੈ ਕੇ ਨਹੀਂ ਪੜ੍ਹ ਸਕਦੇ। ਉਹ ਸਾਨੂੰ ਪਬਲਿਕ ਲਾਇਬਰੇਰੀ ਵਿੱਚੋਂ ਮਿਲ਼ ਸਕਦੀਆਂ ਹਨ, ਜਿਨ੍ਹਾਂ ਤੋਂ ਅਸੀਂ ਬਹੁਤ ਕੁਝ ਸਿੱਖ ਸਕਦੇ ਹਾਂ। ਜਦੋਂ ਅਸੀਂ ਉਹ ਕਿਤਾਬਾਂ ਨਹੀਂ ਪੜ੍ਹਦੇ, ਉਹ ਲਾਇਬਰੇਰੀ ਵਿੱਚ ਉਸੇ ਤਰ੍ਹਾਂ ਪਈਆਂ ਰਹਿੰਦੀਆਂ ਹਨ। ਜਦ ਲਾਇਬਰੇਰੀ ਵਾਲਿਆਂ ਨੂੰ ਪਤਾ ਲੱਗਦਾ ਹੈ ਕਿ ਲੋਕ ਇਨ੍ਹਾਂ ਨੂੰ ਨਹੀਂ ਪੜ੍ਹਦੇ ਤਾਂ ਉਹ ਉਨ੍ਹਾਂ ਕੀਮਤੀ ਕਿਤਾਬਾਂ ਨੂੰ ਸਿਰਫ਼ ਪੱਚੀ ਪੱਚੀ ਸੈਂਟਾਂ ਵਿੱਚ ਨਿਲਾਮ ਕਰਕੇ ਆਪਣੀਆਂ ਸ਼ੈਲਫਾਂ ਵਿਹਲੀਆਂ ਕਰ ਲੈਂਦੇ ਹਨ। ਜੋ ਕਿ ਬੜੇ ਦੁੱਖ ਦੀ ਗੱਲ ਹੈ। ਸਾਨੂੰ ਇਸ ਗੱਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ। ਮੈਂ ਸਾਰੇ ਪੰਜਾਬੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਰ ਹਫ਼ਤੇ ਘੱਟੋ ਘੱਟ ਵੀਹ ਕਿਤਾਬਾਂ ਪੰਜਾਬੀ ਦੀਆਂ ਪਬਲਿਕ ਲਾਇਬਰੇਰੀ ਵਿੱਚੋਂ ਲੈ ਕੇ ਆਉ। ਜਿੰਨੀਆਂ ਪੜ੍ਹ ਹੁੰਦੀਆਂ ਪੜ੍ਹੋ, ਬਾਕੀ ਦੂਜੀ ਵਾਰੀ ਸਹੀ। ਇਸ ਤਰ੍ਹਾਂ ਉਹ ਬਹੁਤ ਕੀਮਤੀ ਕਿਤਾਬਾਂ ਕੂੜੇ ਵਿੱਚ ਸੁੱਟੇ ਜਾਣ ਤੋਂ ਬਚ ਜਾਣਗੀਆਂ। ਉਂਝ ਅਸੀਂ ਸਾਰੇ ਹੀ ਸ਼ਬਦ ਦੇ ਪੁਜਾਰੀ ਹਾਂ, ਪਰ ਸ਼ਬਦ ਨੂੰ ਪੜ੍ਹੇ ਸਮਝੇ ਬਿਨਾਂ ਹੀ ਮੱਥਾ ਟੇਕੀ ਜਾਂਦੇ ਹਾਂ। ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਕੁਝ ਨਵਾਂ ਪੜ੍ਹੋ ਜੋ ਤੁਸੀਂ ਪੜ੍ਹਨਾ ਚਾਹੁੰਦੇ ਹੋ। ਪਰ ਇਸ ਨਾਲ ਸਾਡੀ ਮਾਂ ਬੋਲੀ ਦਾ ਸਾਹਿਤ ਸੁੱਟੇ ਜਾਣ ਤੋਂ ਬੱਚਿਆ ਰਹੇਗਾ। ਜੇਕਰ ਮੰਦਰਾਂ ਤੇ ਗੁਰੂ ਘਰਾਂ ਤੋਂ ਕਮੇਟੀਆਂ ਇਹ ਸੁਨੇਹਾ ਦੇਣ ਤਾਂ ਮੇਰਾ ਖ਼ਿਆਲ ਹੈ ਕਿ ਬਹੁਤ ਸਹਾਈ ਹੋ ਸਕਦਾ ਹੈ। ਦੂਸਰੀ ਗੱਲ ਸਾਨੂੰ ਇਹ ਕਰਨੀ ਚਾਹੀਦੀ ਹੈ ਕਿ ਜਦੋਂ ਵੀ ਕਦੇ ਅਸੀਂ ਕੋਈ ਤੋਹਫ਼ਾ ਵਗੈਰਾ ਦੇਣਾ ਹੈ ਤਾਂ ਕੋਈ ਵਧੀਆ ਕਿਤਾਬ ਦੇਣ ਦਾ ਰਿਵਾਜ ਪਾਈਏ ਨਾ ਕਿ ਮਹਿੰਗੇ ਤੋਂ ਮਹਿੰਗੇ ਕੱਪੜੇ ਤੇ ਗਹਿਣੇ ਦਾ। ਆਪਣੇ ਘਰਾਂ ਵਿੱਚ ਬੱਚਿਆਂ ਨਾਲ ਪੰਜਾਬੀ ਬੋਲੋ, ਪੜ੍ਹੋ ਤਦ ਹੀ ਆਉਣ ਵਾਲੀ ਪੀੜ੍ਹੀ, ਆਪਣੀ ਬੋਲ਼ੀ, ਧਰਮ ਤੇ ਕਲਚਰ ਨੂੰ ਸਮਝ ਸਕੇਗੀ ਤੇ ਸੰਭਾਲ ਸਕੇਗੀ।

ਸਤਨਾਮ ਸਿੰਘ: ਰਾਮਪੁਰੀ ਤੁਹਾਡਾ ਬਹੁਤ ਬਹੁਤ ਧੰਨਵਾਦ ਜਿਹੜਾ ਤੁਸੀਂ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਆਪਣੀ ਸਾਹਿਤਕ ਸਫ਼ਰ ਦੇ ਪੰਨੇ ਸਾਂਝੇ ਕੀਤੇ। ਕੋਈ ਹੋਰ ਗੱਲ ਦੱਸਣੀ ਚਾਹੋਗੇ ਜੋ ਮੈਂ ਤੁਹਨੂੰ ਨਾ ਪੁੱਛ ਸਕਿਆ ਹੋਵਾਂ।

ਰਾਮਪੁਰੀ: ਸਤਨਾਮ ਜੀ, ਇਹ ਦੱਸਣਾ ਪੁੱਛਣਾ ਤਾਂ ਕਦੇ ਨਾ ਮੁੱਕਣ ਵਾਲੀ ਗੱਲ ਹੈ, ਆਪਾਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਹਨ ਅਜੇ ਏਨੀਆਂ ਹੀ ਕਾਫ਼ੀ ਹਨ, ਬਾਕੀ ਫੇਰ ਕਦੇ ਸਹੀ। ਤੁਹਾਡਾ ਵੀ ਬਹੁਤ ਧੰਨਵਾਦ ਜੋ ਤੁਸੀਂ ਮੈਨੂੰ ਆਪਣੇ ਮਨ ਦੀਆਂ ਗੱਲਾਂ ਕਰਨ ਦਾ ਇੱਕ ਵਧੀਆਂ ਮੌਕਾ ਦਿੱਤਾ।

.....ਸਮਾਪਤ

## ਜੀਵਨ ਬਿਉਰਾ ਗੁਰਚਰਨ ਰਾਮਪੁਰੀ

ਜਨਮ: 23 ਜਨਵਰੀ 1929

ਜਨਮ ਸਥਾਨ: ਰਾਮਪੁਰ, ਜ਼ਿਲ੍ਹਾ ਲਧਿਆਣਾ, ਪੰਜਾਬ

ਮਾਪੇ: ਸ੍ਰ. ਸੋਹਣ ਸਿੰਘ ਅਤੇ ਸ੍ਰ. ਬਚਨ ਕੌਰ

ਪਰਵਾਰ: ਸੁਰਜੀਤ ਕੌਰ (ਸੁਪਤਨੀ), ਜਸਬੀਰ ਸਿੰਘ, ਰਾਵਿੰਦਰ ਸਿੰਘ (ਪੁੱਤਰ), ਦੇਵਿੰਦਰ ਕੌਰ, ਹਰਮਹਿੰਦਰ ਕੌਰ (ਧੀਆਂ)

ਵਿੱਦਿਆ: ਹਾਈ ਸਕੂਲ (ਡਿਪਲੋਮਾਂ-ਇਨ ਡਰਾਫ਼ਸਮੈਨ)

ਕਿੱਤਾ: ਬੀ.ਸੀ. ਹਾਈਡਰੋ ਵਿੱਚ ਲੰਬਾ ਸਮਾਂ ਕੰਮ ਕੀਤਾ (ਹੁਣ ਰੀਟਾਇਰਡ)

ਪੁਸਤਕਾਂ: ਕਣਕਾਂ ਦੀ ਖ਼ੁਸ਼ਬੋ, ਕੌਲ ਕਰਾਰ, ਕਿਰਨਾ ਦਾ ਆਲ੍ਹਣਾ, ਅੰਨ੍ਹੀ ਗ਼ਲੀ, ਕੰਚਨੀ, ਕਤਲਗਾਹ, ਅਗਨਾਰ, ਅੱਜ ਤੋਂ ਆਰੰਭ ਤੱਕ (ਸਮੁਚੀ ਕਵਿਤਾ, ਪੜਚੋਲ ਸਣੇ), ਦੋਹਾਵਲੀ, (ਕਵਿ-ਸੰਗ੍ਰਹਿ)

ਅਨੁਵਾਦ: ਸਾਂਝਾ ਅਸਮਾਨ, (ਉਰਦੂ), ਪਾਰੇ ਕਾ ਨਗਰ (ਹਿੰਦੀ), ਐਨਥੋਲੋਜੀ ਆਫ਼ ਦੀ ਮਾਡਰਨ ਪੰਜਾਬੀ ਪੋਇਟਰੀ ਪੰਜ ਕਵਿਤਾਵਾਂ (ਰਸ਼ੀਅਨ), ਐਨਥੋਲੋਜੀ ਆਫ਼ ਏਸ਼ੀਅਨ ਪੋਇਟਸ ਇਨ ਕੈਨੇਡਾ 'ਗਰੀਨ ਸਨੋ' (ਅੰਗਰੇਜ਼ੀ) ਕਵਿਤਾ ਸਮੇਤ।

ਮਾਣ ਸਨਮਾਣ: ਪੰਜਾਬੀ ਲਿਖਾਰੀ ਸਭਾ ਰਾਮ ਪੁਰ, ਇੰਡੀਆ 1980, ਲੋਕ ਲਿਖਾਰੀ ਸਭਾ ਅੰਮ੍ਰਿਤਸਰ 1980, ਪੰਜਾਬੀ ਸਾਹਿਤਕ ਅਕੈਡਮੀ ਚੰਡੀਗੜ੍ਹ 1982, ਭਾਸ਼ਾ ਵਿਭਾਗ ਪਟਿਆਲਾ 1984, ਨੰਦ ਲਾਲ ਨੂਰਪੁਰੀ ਐਵਾਰਡ 1987 ਯੂ. ਐੱਸ. ਏ., ਸਾਈਂ ਬੁੱਲ੍ਹੇ ਸ਼ਾਹ ਐਵਾਰਡ ਡੈਨਮਾਰਗ 1992, ਰਿਮ ਝਿਮ ਬਰਾਡਕਾਸਟਿੰਗ ਵੈਨਕੋਵਰ 1993, ਬੀ.ਸੀ. ਕਲਚਰਲ ਫ਼ਾਉਡੇਸ਼ਨ ਵੈਨਕੋਵਰ ਬੀ.ਸੀ. 1994, ਕਰਤਾਰ ਸਿੰਘ ਧਾਰੀਵਾਲ ਲੁਧਿਆਣਾ 1997, ਯੂਥ ਐਸੋਸੀਏਸ਼ਨ ਸਰੀ 1998, ਪੰਜਾਬੀ ਲੇਖਕ ਮੰਚ ਵੈਨਕੋਵਰ 1999, ਕੈਨੇਡੀਅਨ ਪੰਜਾਬੀ ਕਲਾ ਮੰਚ 1999, ਪੰਜਾਬੀ ਲਿਖਾਰੀ ਸਭਾ ਕੈਲਗਰੀ 2003, ਮਨਜੀਤ ਯਾਦਗਾਰੀ ਸਾਹਿਤਕ ਐਵਾਰਡ ਵੈਨਕੋਵਰ 2003, ਖ਼ਾਲਸਾ ਦੀਵਾਨ ਸੁਸਾਇਟੀ ਵੈਨਕੋਵਰ 2006, ਵਧੀਆ ਲਿਖਾਰੀ ਐਵਾਰਡ ਪਰਵਾਸੀ ਅਖ਼ਬਾਰ 2006, ਲੇਖਕ ਮੰਚ ਵੈਨਕੋਵਰ ਬੀ.ਸੀ. ਵੱਲੋਂ ਲਾਈਫ਼ ਐਚੀਵਮਿੰਟ ਐਵਾਰਡ ਫਾਰ ਆਉਟ ਸਟੈਂਡਿੰਗ ਕੌਨਟਰੀਬਿਉਸ਼ਨ ਟੂ ਪੰਜਾਬੀ ਲੈਂਗੁਏਜ, ਲਿਟਰੇਚਰ ਐਂਡ ਕਲਚਰ 2007

ਸਿਰਨਾਵਾਂ: 1957 Walls Ave., Coquitlam, B.C. Canada V3K 2T8
ਫ਼ੋਨ/ ਈਮੇਲ: 604-939-8665/ gurcharan@shaw.ca

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application


FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!




FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS





Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

BEST CANADIAN
BEST CANADIAN TRUCK & FORKLIFT TRAINING CENTRE
Registered as a Private Career College Under the Private Career Colleges Act. 2005



* AZ Tractor Trailer Program
* Manual Transmission & Backup Training Everyday
* We Welcome Welfare & Workers Compensation Clients
Cell: 416-670-3173
Tell: 905-799-7333
**SPECIAL**
Forklift Re-Certification Only $69
Open 7 Days
27-B Edvac Drive, Brampton, ON L6S 5X8



Karnail Singh


ਵਾਰਡ 7, 8 ਤੋਂ
ਹਰਮਨ-ਪਿਆਰੇ ਮਾਰਟਿਨ ਸਿੰਘ ਨੂੰ ਚੁਣੋ

Elect
Martin Singh ☒
for City Councillor



Contact Us
martin@martinsingh.ca 416-937-4166
www.yourbramptonteam.com

- ਮਾਰਟਿਨ ਸਿੰਘ ਨੇ ਡਲਹੌਜ਼ੀ ਯੂਨੀਵਰਸਿਟੀ ਤੋਂ ਕਮਿਸਟਰੀ, ਕੈਮੀਕਲ ਇੰਜਨੀਅਰਿੰਗ ਅਤੇ ਫਾਰਮੇਸੀ ਦੇ ਵਿਸ਼ਿਆਂ ਵਿੱਚ ਡਿਗਰੀਆਂ ਹਾਸਲ ਕੀਤੀਆਂ ਇਸ ਤੋਂ ਇਲਾਵਾ, ਮਾਰਟਿਨ ਨੇ ਸੇਂਟ ਮੇਰੀ ਯੂਨੀਵਰਸਿਟੀ ਤੋਂ ਐਮ.ਬੀ.ਏ ਦੀ ਡਿਗਰੀ ਵੀ ਕੀਤੀ ।
- ਮਾਰਟਿਨ ਸਿੰਘ ਜਨਤਕ ਟੈਕਸ ਦੇ ਸਦਉਪਯੋਗ ਦੇ ਪੱਕੇ ਹਾਮੀ ਹਨ। ਉਹ ਜਨਤਕ ਧਨ ਨੂੰ ਜਨਤਾ ਦੀ ਭਲਾਈ, ਬ੍ਰੈਂਪਟਨ ਦੇ ਵਿਕਾਸ ਅਤੇ ਕਾਰੋਬਾਰੀ ਖੇਤਰਾਂ ਵਿੱਚ ਇਮਾਨਦਾਰੀ ਨਾਲ ਲਗਾਉਣ ਦੇ ਹਾਮੀ ਹਨ। ਮਾਰਟਿਨ ਸਿੰਘ ਬ੍ਰੇਪਟਨ ਨਿਵਾਸੀਆਂ ਨੂੰ ਵਧੀਆ ਰੋਜ਼ਗਾਰ ਵਧੀਆ ਮਿਆਰੀ ਜੀਵਨ ਅਤੇ ਸੁਰੱਖਿਆ ਮੁੱਹਈਆ ਕਰਨ ਦੇ ਮੁੱਦਈ ਹਨ।
- ਮਾਰਟਿਨ ਸਿੰਘ ਇੱਕ ਅਜਿਹੀ ਬਹੁ-ਪੱਖੀ ਸ਼ਖਸੀਅਤ ਹਨ ਕਿ ਆਪਣੇ ਕਿਤੇ ਕਾਰੋਬਾਰ, ਸਮਾਜ ਸੇਵਾ, ਰਾਜਨੀਤੀ ਤੋ ਇਲਾਵਾ ਦੇਸ਼ ਦੀ ਸੁਰੱਖਿਆ ਪ੍ਰਤੀ ਪੂਰੀ ਸਿੱਦਤ ਨਾਲ ਸਮਰਪਿਤ ਹਨ। ਕੈਨੇਡੀਅਨ ਆਰਮਡ ਫੌਜ਼ ਰਿਜ਼ਰਵ ਵਿੱਚ ਕੈਪਟਨ ਦੀਆਂ ਸੇਵਾਂਵਾਂ ਨਿਭਾ ਚੁੱਕੇ ਹਨ ਅਤੇ ਹੁਣ ਬ੍ਰੈਪਟਨ ਵਿੱਚ ਸਥਿਤ 557 ਲਾਰਨ ਸਕਾਟਜ਼ ਰੌਯਲ ਕੈਨੇਡੀਅਨ ਆਰਮੀ ਕਡੇਟ ਕੋਰ ਵਿੱਚ ਆਰਮੀ ਅਫਸਰ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ।




Martin Singh for City Councillor



VOTE Rohit Sidhu ☑
City Councillor Wards 9&10



"Brampton is my home – I was born in the GTA, raised and educated in Brampton. I have years of experience as an insurance broker and an Honours Political Science degree from the University of Ottawa. I understand the issues that all demographics face – our youth, our families, and our seniors. My goal is to provide the residents of Brampton with fair taxation, responsible spending, and full transparency from City Hall." - Rohit Sidhu.

- Freeze property taxes.
- Advocate for insurance reform.
- Reduce traffic gridlock & create effective means of transportation.
- Demand increased health-care spending and plan for a new hospital to be built in Brampton.
- Improve community safety & awareness - work to end the rise in violence.

| www.rohitsidhu.com | 416-999-1300 |

ELECTION DAY: OCTOBER 22, 2018
ADVANCE POLLS: SATURDAY OCTOBER 6 & 13
(Brampton Soccer Centre & Gore Meadows Community Centre)






"I live in downtown Brampton near Gage Park with my wife Genevieve. My family has been in Brampton for decades. We love our City but crime is out of control, taxes are at a record high, traffic is a mess and we lack good local jobs. We need resolve and action on the serious issues that challenge our city. It's time we get Brampton back on track!"

Patrick Brown

VOTE
Oct 22
10 am - 8 pm

Combat Crime ✓
Less Congestion ✓
Freeze City Taxes ✓
More Jobs ✓
More Affordable Housing ✓
Free Seniors Transit ✓
Better Healthcare ✓
Better Dental Care ✓
World Class Stadium ✓

# Elect Harpreet Gill

Ward 1 Toronto District School Board Trustee

- ਸਕੂਲ ਸੇਫਟੀ ਦੀ ਬੇਹਤਰੀ
- ਸਕੂਲਾਂ ਦੇ ਬੁਨਿਆਦੀ ਢਾਂਚਿਆਂ ਦੀ ਮਜ਼ਬੂਤੀ
- ਸਾਂਝੇਦਾਰੀਆਂ ਵਿੱਚ ਵਾਧਾ
- ਨਵੇਂ ਪ੍ਰੋਗਰਾਮਾਂ ਦੀ ਪੇਸ਼ਕਸ਼

Advance Voting: October 10-14, 10am-7pm Locations: North Kipling Community Centre (2 Rowntree Road) and West Acres Seniors Centre (65 Hinton Road)



Education: Honors Bachelor of Health Sciences, Western University and Master of Management, Schulich School of Business

VoteHarpreetGill
@voteforgill
@voteforgill

ਇਟੋਬਿਕੋ ਦੀ ਜੰਮ-ਪਲ
ਹਰਪਰੀਤ ਗਿੱਲ
647-655-1706

Born and raised in Etobicoke North by two working class parents, Harpreet currently resides in this community. Over the years, she has worked with many individuals and organizations in our community to strengthen it. Her priorities are towards building a better community and creating better opportunities for youth.

Elect Harpreet Gill on October 22nd, 2018

info@voteforgill.com www.voteforgill.com




ON OCTOBER 22ND ELECT

# HARKIRAT SINGH

MSc, MBA



## CITY COUNCILLOR - WARDS 9 & 10






ਵਾਰਡ 5 ਮਿਸੀਸਾਗਾ ਤੋਂ ਸਕੂਲ ਟਰੱਸਟੀ ਲਈ ਚੋਣ ਲੜ ਰਹੇ, 20 ਸਾਲ ਤੋਂ ਵੱਧ ਤਜ਼ਰਬੇ ਵਾਲੇ ਐਜੂਕੇਟਰ, ਸਾਬਕਾ ਐਸੋਸੀਏਟ ਪ੍ਰੋਫ਼ੈਸਰ, ਡਬਲ ਐਮ.ਏ. ਅਵਤਾਰ ਗੋਤਰਾ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ

"EMPOWERING THE COMMUNITY WITH EDUCATION"



ELECT
OCT 22ND, 2018

# AVTAR GHOTRA

Master(Eco),M.L.I.S

TRUSTEE (EP)
PEEL DISTRICT SCHOOL BOARD
WARD 5 MISSISSAUGA

"Let's work together to make it happen. Vote for me is a vote for you."
-Avtar Ghotra

Postal Codes.
L5R L5S
L4Z L5T
L4T




trust.avtar@gmail.com | Ph: 647.622.7047 | www.AvtarGhotra.ca



# ELECT HARNEK RAI



ਰਿਜਨਲ ਕੌਂਸਲਰ ਵਾਰਡ 1 ਅਤੇ 5
22 ਅਕਤੂਬਰ ਨੂੰ ਚੁਣੋ




ਤੁਹਾਡਾ ਆਪਣਾ ਅਤੇ ਸਦਾ ਨਾਲ ਖੜ੍ਹਨ ਵਾਲਾ ਉਮੀਦਵਾਰ

ਹਰਨੇਕ ਰਾਏ ਇੱਕ ਪੜ੍ਹਿਆ ਲਿਖਿਆ ਤੇ ਸੁਲਝਿਆ ਉਮੀਦਵਾਰ ਹੈ ਜਿਸਨੇ ਖੇਡਾਂ ਤੇ ਸਮਾਜ ਸੇਵਾ ਵਿੱਚ ਸਦਾ ਵੱਧ ਚੜ੍ਹ ਕੇ ਕੰਮ ਕੀਤਾ ਤੇ ਕੋਈ ਪੈਸਾ ਨਹੀਂ ਬਣਾਇਆ ਡਰੱਗਸ ਅਤੇ ਗੈਂਗਵਾਦ ਖ਼ਿਲਾਫ਼ ਸਦਾ ਆਵਾਜ਼ ਉਠਾਈ ਹੈ। ਉਹ ਆਪ ਵੀ ਵਿਸ਼ਵ ਪੱਧਰ ਦਾ ਪਾਵਰਲਿਫਟਰ ਕੋਚ ਰੈਫਰੀ ਤੇ ਪ੍ਰਬੰਧਕ ਹੈ। ਭਾਰਤ ਅਤੇ ਦੂਜੀ ਯੂ ਕੇ ਤੋਂ ਯੂਨੀਵਰਸਿਟੀ ਡਿਗਰੀ ਹਾਸਿਲ ਕੀਤੀ ਹੈ। ਉਸਨੂੰ ਵੋਟ ਪਾ ਕੇ ਸਿਟੀ ਹਾਲ ਭੇਜੋ ਜੋ ਤੁਹਾਡੇ ਲਈ ਇਮਾਨਦਾਰੀ ਨਾਲ ਕੰਮ ਕਰੇਗਾ।


Tel: 416-569-1488
raiharnek@hotmail.com | www.harnekrai.ca
https://www.facebook.com/harnek.s.rai
Campaign Office: 10 Gillingham Dr, #213, Brampton, ON L6X 0G6




ਮੰਨ ਪਸੰਦ ਦੀ Kitchen and Washroom ਬਣਵਾਓ

# Pearson Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor


ਬਹੁਤ ਘੱਟ ਰੇਟ ਤੇ ਸਮੇਂ ਸਿਰ ਕੰਮ

Call Vikramjit Sangha: 416-200-0931


Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)


ELECT
ETOBICOKE NORTH
CITY COUNCILLOR WARD 1
ਪਿਛਲੇ 18 ਸਾਲਾਂ ਤੋ Etobicoke ਵਿੱਚ ਹੀ ਰਹਿ
ਰਿਹਾ ਹਾਂ ਤੇ ਮੈ ਜਨਤਾ ਦੀ ਆਵਾਜ ਬਣਕੇ ਇਨ੍ਹਾਂ ਮੁਦਿਆਂ
ਨੂੰ ਪਹਿਲ ਦੇਵਾਗਾਂ
I'm Advocating for :
- Improve Community Safety
- Transparency & Accountability
- Increase Facilities for Seniors
- Crime Prevention
- Road Safety & Transit
- Improved Healthcare
- Infrastructure
"ETOBICOKE FIRST"
SHIRISH
PATEL
Cell: 647-296-5681 voteforshirish.ca
Strong Voice. Strong Communities.


RE-ELECT
MARTIN
MEDEIROS
BRAMPTON REGIONAL COUNCILLOR FOR WARDS 3 & 4
Delivered Results 2014–2018
Member of the Blue Ribbon Panel that finally brought Brampton's first university
Focus on crime and safety such as supporting the addition of 37 police officers and coordination of stakeholders for a safer city
Lead role in the largest restructuring and modernization of Brampton City Hall to improve customer service and eliminate high salaries and excessive bureaucracy
Delivered Brampton 2040 Vision, a plan for a modern, sustainable, well-planned urban city, including revitalization of our downtown
Led the charge to build Brampton's first homeless youth shelter, affordable transit pilot project and developed a 10 year Housing Strategy as the Chair of Human Services at Peel Region
My top priority since taking office in 2014 has been to effect change and restore residents' confidence in City Hall.
I will continue to tackle issues such as: fighting gridlock, creating jobs, improving public transit, reducing crime, better healthcare and building a culture at city hall of respect for hard-earned taxpayer dollars. I will continue to advocate on your behalf as we work to
Move Brampton Forward.
VOTE MEDEIROS
8975 McLAUGHLIN RD. S UNIT 9
martinmedeiros.ca
OCTOBER 22, 2018
vote@martinmedeiros.ca
647.956.5319
ReelectMartinMedeiros
medeiros_martin
vote_martin_medeiros


ELECT
City of Brampton
Regional Councillor Wards 7 & 8
PAT
FORTINI
MY PRIORITIES ARE TO CONTINUE
ADVOCATING FOR:
Crime Prevention & Safety
Accountability & Transparency
Infrastructure
University
LRT & Transit
Job Creation
Health Care & Community Leadership
Our Senior Community
TOGETHER
Let's Move Brampton Into The Future
VISIT US AT OUR CAMPAIGN OFFICE
25 KINGS CROSS ROAD (at Knightsbridge & Kings Cross)
CAMPAIGN OFFICE
905-497-7220
CELL PHONE
416-804-2510
PatFortini
Pat_Fortini
www.patfortini.ca
LEADERSHIP • EXPERIENCE • COMMITMENT


ELECT
VICKY DHILLON
REGIONAL COUNCILLOR WARDS 9 & 10
I WILL WORK TO:
- ENHANCE COMMUNITY SAFETY TO REDUCE CRIME
- INVEST IN INFRASTRUCTURE AND CREATE JOBS
- IMPROVE TRANSIT SYSTEMS
ELECTION DAY:
OCTOBER 22, 2018
AUTHORIZED BY THE VICKY DHILLON CAMPAIGN
P: 289.729.1001 | E: INFO@VICKYDHILLON.COM | W: WWW.VICKYDHILLON.COM
@VOTEVICKYDHILLON
@VICKY6200BRAMPTON
@VICKYDHILLON10

Heart&Stroke™

# ਸਟਰੋਕ ਦੇ ਲੱਛਣ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 911 'ਤੇ ਫ਼ੋਨ ਕਰੋ

Learn the signs, act FAST and call 9-1-1.

**heartandstroke.ca/FAST**

Funding provided by:

Ontario

© Heart and Stroke Foundation of Canada, 2018 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.
Views expressed by the Heart and Stroke Foundation do not necessarily reflect those of the Government of Ontario.